ਫਰਵਰੀ 2016

ਅੰਕ 4

# ਪ੍ਰਤਿਬਿੰਬ

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪ੍ਰਤੀਨਿਧ



ਸਕੇਪ ਪੰਜਾਬ ਈ-ਪਤ੍ਰਿਕਾ

www.scapepunjab.com

ਸਾਹਿਤ, ਖੋਜਅਤੇਸੱਭਿਆਚਾਰਦਾਪ੍ਰਤੀਨਿਧ

# ਪ੍ਰਤਿਬਿੰਬ

ਸਕੇਪਪੰਜਾਬਮਾਸਿਕਈ-ਪਤ੍ਰਿਕਾ

ਫਰਵਰੀ, 2016

ਅੰਕ 4

**ਮੁੱਖ ਸੰਪਾਦਕ**

ਮਨੋਜ ਫਗਵਾੜਵੀ

**ਸੰਪਾਦਕ**

ਐੱਸ. ਬਲਵੰਤ

**ਡਾ. ਸਤਵਿੰਦਰ ਸਿੰਘ**

**ਸੂਬੇਗ ਸੱਧਰ**

**ਸਲਾਹਕਾਰ**

ਡਾ. ਜੋਗਾ ਸਿੰਘ

ਮਨਦੀਪ ਸਿੰਘ

ਸੁਖਦੇਵ ਗੰਢਵਾ

**ਡਿਜ਼ਾਇਨਰ**

ਪਰਵਿੰਦਰ ਜੀਤ ਸਿੰਘ

**ਪ੍ਰਾਪਤੀ ਸ੍ਰੋਤ**

www.scapepunjab.com

**ਸੰਪਰਕ ਅਤੇ ਪਤਾ**

ਸਕੇਪ ਪੰਜਾਬ ਦਫ਼ਤਰ, ਨੇੜੇ ਸੂਦ ਮੈਡਿਕਲ,

ਸਤਨਾਮਪੁਰਾ, ਫਗਵਾੜਾ।

**ਮੋਬਾਇਲ**

+91 92178 89160, +91 98720 07176

ਈ-ਮੇਲ : scapepunjab@gmail.com

## ਤਤਕਰਾ

**ਅਲਵਿਦਾ ਪ੍ਰੋ. ਰਣਧੀਰ ਸਿੰਘ**

ਐੱਸ. ਬਲਵੰਤ........................ 3

**ਵਿਸ਼ੇਸ਼ ਲੇਖ: ਲੋਕ ਗੌਣਾਂ ਵਿਚ ਨਾਰੀ ਮਨ**

ਡਾ. ਇੰਦਰਾ ਵਿਰਕ........................ 5

**ਉਸਾਰੂ ਸਮਾਜ ਲਈ ਜ਼ਰੂਰੀ: ਪਤੀ ਪਤਨੀ ਦੇ ਸੁਖਾਵੇਂ ਸੰਬੰਧ**

ਪ੍ਰੋ. ਪਰਮਜੀਤ ਕੌਰ ਨੂਰ............ 8

**ਲੇਖ : ਧਰਮ ਅਤੇ ਨੈਤਿਕਤਾ**

ਡਾ. ਸਤਵਿੰਦਰ ਸਿੰਘ................ 10

**ਪੰਦਰਾਂ ਲੱਖ ਯਹੂਦੀਆਂ ਦੀ ਕਤਲ-ਭੂਮੀ**

ਯਾਦਵਿੰਦਰ ਸਿੰਘ ਸਤਕੋਹ........... 12

**ਕੁਲਦੀਪ ਮਾਣਿਕ ਨੂੰ ਚੇਤੇ ਕਰਦਿਆਂ**

ਜਸਵੀਰ ਸ਼ਰਮਾ ਦੱਦਾਹੂਰ .......... 16

**ਮਾਂ-ਬੋਲੀ ਦੇ ਸਿਰਨਾਵੇਂ ਪੁਸਤਕ ਸਮੀਖਿਆ**

ਡਾ. ਜਗੀਰ ਸਿੰਘ ਨੂਰ................ 18

**ਕਲਾਵਾਂ ਦਾ ਸਮੁੰਦਰ- ਬਲਵੰਤ ਸਿੰਘ ਮੁਸਾਫਿਰ**

ਪ੍ਰੀਤਮ ਲੁਧਿਆਣਵੀ.................. 19

**ਕਹਾਣੀ : ਕੁੜੱਤਣ**

ਵਰਿੰਦਰ ਅਜ਼ਾਦ...................... 21

**ਕਹਾਣੀ : ਨਕਲੀ ਵੀਜ਼ਾ**

ਬਲਵਿੰਦਰ ਸਿੰਘ ਬਾਈਸਨ.......... 27

**ਗ਼ਜ਼ਲ :** ਅਮਰਜੀਤ ਸਿੰਘ ਸੰਧੂ..... 28

**ਕਵਿਤਾ :** ਰਵੇਲ ਸਿੰਘ .............. 28

**ਕਵਿਤਾ :** ਰਾਜਵਿੰਦਰ ਜਟਾਣਾ....... 29

**ਕਵਿਤਾ :** ਹਰਜਿੰਦਰ ਭੰਡੋਹਲ....... 29

**ਗ਼ਜ਼ਲ :** ਮਨੋਜ ਫਗਵਾੜਵੀ......... 30

**ਕਵਿਤਾ :** ਸੁਖਦੇਵ ਗੰਢਵਾ.......... 30

**ਦੋ ਗ਼ਜ਼ਲਾਂ :** ਰਜਿੰਦਰ ਜੀਤ......... 31

**ਕਵਿਤਾ :** ਰੁਪਿੰਦਰ ਸੰਧੂ............ 31

**ਜ਼ਰੂਰੀ ਸੂਚਨਾ:** ਸਕੇਪ ਪੰਜਾਬ ਦਾ ਈ-ਮੈਗਜ਼ੀਨ **'ਪ੍ਰਤਿਬਿੰਬ'** ਮੁਫ਼ਤ ਮੈਗਜ਼ੀਨ ਹੈ ਜਿਸ ਦਾ ਤੁਸੀਂ ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਉਤਾਰਾ ਕਰ ਸਕਦੇ ਹੋ। ਸਕੇਪ ਪੰਜਾਬ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਦੀ ਮੌਲਿਕਤਾ,ਨਵੀਨਤਾ ਦਾ ਅਧਿਕਾਰ ਖ਼ੁਦ ਲੇਖਕ ਦਾ ਹੋਵੇਗਾ।



**ਸੰਪਾਦਕੀ**

## ਅਲਵਿਦਾ ਪ੍ਰੋ. ਰਣਧੀਰ ਸਿੰਘ...!

**ਐਸ ਬਲਵੰਤ**

"ਪ੍ਰੋ. ਰਣਧੀਰ ਸਿੰਘ ਨਹੀਂ ਰਹੇ !"।ਇਹ ਖਬਰ ਸੁਣਦਿਆਂ ਮੇਰੀ ਤਰਾਹ ਨਿਕਲ ਗਈ। ਲਗਾ ਇਕ ਯੁਗ ਖਤਮ ਹੋ ਗਿਆ। ਪ੍ਰੋ. ਰਣਧੀਰ ਸਿੰਘ ਇਕ ਐਸੀ ਸ਼ਖਸੀਅਤ ਸਨ, ਜਿਹਨਾਂ ਦੀ ਦੂਰ-ਅੰਦੇਸ਼ੀ ਨੂੰ ਕੋਈ ਟਸ ਤੋਂ ਮਸ ਨਹੀਂ ਸੀ ਕਰ ਸਕਿਆ। ਉਹਨਾਂ ਦੀ ਕਲੀਅਰ ਕਟ ਸੋਚ ਦਾ ਲੋਹਾ ਉਦੋਂ ਵੀ ਤੇ ਹੁਣ ਵੀ ਖਾਸ ਕਰਕੇ ਹਰ ਰਾਜਨੀਤੀ ਸ਼ਾਸਤਰ ਦਾ ਵਿਦਵਾਨ ਮੰਨਦਾ ਹੈ। ਉਹ ਪਚਾਨਵੇਂ ਸਾਲ ਦੀ ਆਪਣੀ ਪੂਰੀ ਉਮਰ ਤੀਕ ਸਮਾਜਵਾਦੀ ਪ੍ਰਬੰਧ ਦੇ ਸਿਧਾਂਤ `ਤੇ ਟਿਕੇ ਰਹੇ। ਜ਼ਿੰਦਗੀ ਦੇ ਤਜੁਰਬਿਆਂ ਤੇ ਰਾਜਨੀਤੀ ਦੀ ਸਿਧਾਂਤ ਦੇ ਉਸਤਾਦ ਹੋਣ ਦੇ ਨਾਤੇ ਵੀ ਉਹਨਾਂ ਦੀ ਨਜ਼ਰ ਵਿਚ ਦੁਨੀਆਂ ਵਿਚ ਸਭ ਤੋਂ ਉਤਮ ਰਾਜਨੀਤਕ-ਪ੍ਰਬੰਧ ਸਮਾਜਵਾਦੀ ਪ੍ਰਬੰਧ ਹੀ ਹੈ।

ਉਹਨਾਂ ਦਾ ਬਚਪਨ ਲਾਹੌਰ ਵਿਚ ਬੀਤਿਆ। ਉਹ ਦਸਦੇ ਸਨ ਕਿ ਜਿਸ ਦਿਨ ਭਗਤ ਸਿੰਘ ਨੂੰ ਫਾਂਸੀ ਲਗੀ ਤਾਂ ਉਸ ਸਵੇਰ ਉਹ ਸਕੂਲੇ ਜਾ ਰਹੇ ਸੀ। ਉਹਨਾਂ ਨੂੰ ਰਾਹ ਵਿਚ ਹੀ ਰੋਕ ਲਿਆ ਗਿਆ। ਲੋਕਾਂ ਦਾ ਹਜੂਮ ਸ਼ਹਿਰ ਵਿਚ ਉਮੜ ਪਿਆ ਸੀ। ਬੇਸ਼ੁਮਾਰ ਗਿਣਤੀ ਵਿਚ ਪੁਲਿਸ ਕਰਮੀ ਤੇ ਫੌਜੀ ਤੈਨਾਤ ਕਰ ਦਿਤੇ ਗਏ ਸਨ। ਲੋਕਾਂ ਵਿਚ ਅੱਤ ਦਾ ਜੋਸ਼ ਸੀ। "ਇਨਕਲਾਬ ਜ਼ਿੰਦਾਬਾਦ" ਦੇ ਨਾਅਰਿਆਂ ਨਾਲ ਅਸਮਾਨ ਗੂੰਜ ਰਿਹਾ ਸੀ। ਉਹ ਦਸਦੇ ਸਨ ਕਿ ਉਸ ਸਵੇਰ ਦਾ ਝਾਉਲਾ ਤੇ ਪ੍ਰਭਾਵ ਤਾਅ ਜ਼ਿੰਦਗੀ ਕਿਸੇ ਨਾ ਕਿਸੇ ਸ਼ਕਲ ਵਿਚ ਉਹਨਾਂ ਦੇ ਨਾਲ ਹੀ ਰਹੇ। ਮਗਰੋਂ ਜਦੋਂ ਉਹਨਾਂ ਨੂੰ ਜੇਲ ਵਿਚ ਡੱਕਿਆ ਗਿਆ ਤਾਂ ਉਹਨਾਂ ਨੂੰ ਕੁਦਰਤੀ ਉਸੇ ਵਾਰਡ ਵਿਚ ਰਖਿਆ ਗਿਆ, ਜਿਸ ਵਿਚ ਭਗਤ ਸਿੰਘ ਦੇ ਸਾਥੀ ਕਿਸ਼ੋਰੀ ਲਾਲ ਤੇ ਕੁਝ ਹੋਰ ਕਾਮਰੇਡ ਵੀ ਸਨ ਤੇ ਇਸ ਵਾਰਡ ਨੂੰ ਟੈਰੋਰਿਸਟ ਵਾਰਡ ਕਿਹਾ ਜਾਂਦਾ ਸੀ।

ਅੱਜ ਰਾਜਨੀਤੀ ਵਿਸ਼ਾ ਭਾਰਤ ਵਿਚ ਕਰੀਬ ਸੌ ਯੂਨੀਵਰਸਿਟੀਆਂ ਤੇ ਹਜ਼ਾਰਾਂ ਕਾਲਜਾਂ ਵਿਚ ਪੜਾਇਆ ਜਾਂਦਾ ਪਰ ਇਹਦੀ ਸ਼ੁਰੁਆਤ ੧੯੩੦ ਵਿਚ ਇਹ ਵਿਸ਼ਾ ਇਤਿਹਾਸ ਤੋਂ ਵਖ ਕਰ ਕੇ ਪੜਾਉਣਾ ਸ਼ੁਰੂ ਹੋਇਆ। ੧੯੩੮ ਤਕ ਇਹ ਕੇਵਲ ਪੰਜ ਯੂਨੀਵਰਸਿਟੀਆਂ ਵਿਚ ਹੀ ਪੜਾਇਆ ਜਾਂਦਾ ਸੀ,ਪਰ ਆਜ਼ਾਦੀ ਤੋਂ ਮਗਰੋਂ ਪ੍ਰੋ. ਰਣਧੀਰ ਸਿੰਘ ਨੇ ਉਦੋਂ ਇਹ ਵਿਸ਼ਾ ਦਿੱਲੀ ਕਾਲਜ ਦੇ ਨਾਂ ਤੇ ਜਾਣੇ ਜਾਂਦੇ (ਹੁਣ ਜ਼ਾਕਿਰ ਹੁਸੈਨ ਕਾਲਜ) ਵਿਸ਼ਾ ਪੜਾਉਣ ਸ਼ੁਰੂ ਕੀਤਾ ਤੇ ਜਦੋਂ ਦਿਲੀ ਯੂਨਿਵਰਸਿਟੀ 'ਚ ਉਹਨਾਂ ਰਾਜਨੀਤੀ ਵਿਭਾਗ ਦੇ ਮੁਖੀ ਵਜੋਂ ਵਾਗਡੋਰ ਸੰਭਾਲੀ ਤਾਂ ਉਦੋਂ ਤੀਕ ਉਹਨਾਂ ਰਾਜਨੀਤੀ ਵਿਗਿਆਨ ਨੂੰ ਪੜਾਉਣ ਦੀ ਇਕ ਨਵੀਂ ਸ਼ੈਲੀ ਦੀ ਬੁਣਤਰ ਕਰ ਲਈ ਸੀ। ਉਹ ਆਪਣੇ ਵਿਸ਼ੇ ਨੂੰ ਪੜਾਉਣ ਦੀ ਕਲਾ ਬਾਰੇ ਇਨੇ ਮਸ਼ਹੂਰ ਸਨ ਕਿ ਚੰਗੇ ਚੰਗੇ ਪ੍ਰੋਫੇਸਰ ਵੀ ਇਹਨਾਂ ਦੀ ਪੜ੍ਹਾਉਣ ਕਲਾ ਦੀ ਜਾਚ ਸਿਖਣ ਇਹਨਾਂ ਦੀ ਕਲਾਸ `ਚ ਜਾ ਬਹਿੰਦੇ ਸਨ, ਜਿਹਨਾਂ ਵਿਚ ਮੇਰੇ ਦੋਸਤ ਪ੍ਰੋ. ਮੋਇਨ ਸ਼ਾਕਿਰ ਵੀ ਸ਼ਾਮਿਲ ਸਨ। ਉਸ ਵੇਲੇ ਪ੍ਰੋ. ਰਣਧੀਰ ਸਿੰਘ ਹੀ ਇਕ ਐਸੇ ਪ੍ਰੋਫ਼ੇਸਰ ਸਨ, ਜਿਸ ਨੂੰ ਬਿਨਾਂ ਪੀ. ਐਚ. ਡੀ. ਤੋਂ ਬਿਨਾਂ ਪ੍ਰੋਫ਼ੇਸਰ ਦੀ ਉਪਾਧੀ ਦਿਤੀ ਗਈ।

ਉਹਨਾਂ ਨਾਲ ਮੇਰੀਆਂ ਅਖੀਰਲੀਆਂ ਮੁਲਾਕਾਤਾਂ ਵਿਚ ਜਦੋਂ ਉਹ ਮੇਰੇ ਨਾਲ ਕੋਈ ਗੱਲ ਕਰ ਰਹੇ ਹੁੰਦੇ ਤਾਂ ਮੈਨੂੰ ਕਈ ਵਾਰ ਲੱਗਾ ਜਿਵੇਂ ਮੈਂ ਆਪਣੇ ਪਿਤਾ ਨਾਲ ਗੱਲ ਕਰ ਰਿਹਾ ਹੋਵਾਂ। ਉਹਨਾਂ ਦੇ ਤੁਰ ਜਾਣ ਦੀ ਖਬਰ ਪਤਾ ਲਗਣ ਵੇਲੇ ਭਰਪੂਰ ਤੜਕਾ ਸੀ।ਘਰ ਵਿਚ ਸਭ ਸੁੱਤੇ ਪਏ ਸਨ। ਭੁਬਾਂ ਨਹੀਂ ਸੀ ਮਾਰ ਸਕਦਾ। ਕਿਸੇ ਨਾਲ ਦੁਖ ਸਾਂਝਾ ਨਹੀਂ ਸੀ ਕਰ ਸਕਦਾ। ਪ੍ਰੋਫੇਸਰ ਦੇ ਵਿਛੜਨ ਦਾ ਦੁਖ ਇੰਨਾ ਸੀ ਕੀ ਸ਼ਾਇਦ ਇੰਨਾ ਦੁਖ ਮੇਰੇ ਪਿਤਾ ਦੇ ਮਰਨ ਤੇ ਵੀ ਨਹੀਂ ਸੀ ਹੋਇਆ। ਅਖੀਰ ਜ਼ਾਬਤਾ ਬਣਾ ਸ਼ਰਧਾਂਜਲੀ ਵਜੋਂ ਇਹ ਸ਼ਬਦ ਲਿਖਣ ਲਗ ਪਿਆ।

ਪਰ ਕੀ ਲਿਖਾਂ? ਉਹ ਤਾਂ ਇਕ ਇਤਿਹਾਸ ਸਨ। ਇਤਿਹਾਸ ਇਕ ਸਫੇ `ਚ ਹੀ ਲਿਖ ਹੋ ਜਾਊ?...ਕਿਸੇ ਬੰਦੇ ਬਾਰੇ ਇਤਿਹਾਸ ਇਕ ਲਫ਼ਜ਼ ਵੀ ਹੋ ਸਕਦਾ ਤੇ ਕਿਸੇ ਬਾਰੇ ਪੋਥੀਆਂ ਵੀ ਮਾਇਨੇ ਨਹੀਂ ਰਖਦੀਆਂ। ਹਰ ਕਿਸੇ ਦੀ ਆਪਣੀ ਸੋਚ ਹੀ ਉਸ ਵਿਆਤੀ ਬਾਰੇ ਉਸਦਾ ਇਤਿਹਾਸ ਹੁੰਦਾ। ਮੇਰੇ ਲਈ ਪ੍ਰੋ. ਰਣਧੀਰ ਸਿੰਘ ਉਹ ਇਤਿਹਾਸ ਸਨ ਜੋ ਮੇਰੇ ਨਾਲ ਹੀ ਚਲੇ ਜਾਣਾ। ਬਾਕੀ ਸਿਰਫ ਸ਼ਬਦ ਰਹਿ ਜਾਣਗੇ। ਸ਼ਾਇਦ ਉਹਨਾਂ ਸ਼ਬਦਾਂ ਨੂੰ ਕੋਈ ਤਰੋੜ ਮਰੋੜ ਕੇ ਵੀ ਪੇਸ਼ ਕਰੇ ਤੇ ਕੋਈ ਇਮਾਨਦਾਰੀ ਨਾਲ।

ਮੈਂ ਪ੍ਰੋ. ਰਣਧੀਰ ਸਿੰਘ ਬਾਰੇ ਬਚਪਨ ਤੋਂ ਹੀ ਸੁਣਦਾ ਆਇਆ ਸਾਂ। ਪਰ ਜਦੋਂ ਮੈਂ ਦਿੱਲੀ ਤੋਂ ਪੰਜਾਬ ਗਿਆ ਤੇ ਮੁੜ ੧੯੭੫ ਵਿਚ ਪੰਜਾਬੋਂ ਵਾਪਸ ਆਕੇ ਦਿੱਲੀ ਵਿਖੇ ਪ੍ਰਕਾਸ਼ਨ ਦਾ ਕਾਰੋਬਾਰ ਸ਼ੁਰੂ ਕੀਤਾ ਤਾਂ ਉਹਨਾਂ ਨਾਲ ਜ਼ਾਤੀ ਰਿਸ਼ਤਾ ਵੀ ਬਣ ਗਿਆ। ਰਿਸ਼ਤਾ ਵੀ ਐਸਾ ਕਿ ਜਿਵੇਂ ਅਸੀਂ ਸਦੀਆਂ ਤੋਂ ਇਕ ਦੂਜੇ ਨੂੰ ਜਾਣਦੇ ਹੋਈਏ।

ਜਲੰਧਰ ਦੇ ਦਿਨਾਂ ਵਿਚ ਪ੍ਰੋ. ਦੀ ਕਿਤਾਬ "ਰੀਜ਼ਨ ਰੇਵੋਲਿਉਸ਼ਨ ਐਂਡ ਪੁਲੀਟੀਕਲ ਥਿਊਰੀ" ਦਾ ਬਹੁਤ ਚਰਚਾ ਹੁੰਦਾ। ਸਾਰੇ ਕਾਮਰੇਡ ਭਾਈਚਾਰੇ `ਚ ਉਹਨਾਂ ਦੀ ਇਹ ਕਿਤਾਬ ਪੜ੍ਹੀ ਜਾਂਦੀ ਸੀ। ਕਾਲਜਾਂ, ਯੂਨਿਵਰਸਿਟੀਆਂ `ਚ ਇਸ ਕਿਤਾਬ ਦਾ ਚਰਚਾ ਸੀ। ਪਰ ਇਕ ਗੱਲ ਅਖਰਦੀ ਸੀ ਕੀ ਉਹਨਾਂ ਇਸ ਤੋਂ ਬਾਦ ਕੁਝ ਨਹੀਂ ਲਿਖਿਆ।

ਔਰੰਗਾਬਾਦ `ਚ ਮਰਾਠਵਾੜਾ ਯੂਨੀਵਰਸਿਟੀ ਦੇ ਪ੍ਰੋ. ਮੋਇਨ ਸ਼ਾਕਿਰ ਵੀ ਮੇਰੇ ਦੋਸਤ ਬਣ ਚੁਕੇ ਸਨ। ਉਹਨਾਂ ਨਾਲ ਵੀ ਇਸ ਘਟ ਬਾਰੇ ਅਕਸਰ ਜ਼ਿਕਰ ਹੋਣਾ। ਸ਼ਾਕਿਰ ਨੇ ਇਕ ਦਿਲਚਸਪ ਗੱਲ ਦੱਸੀ। ਕਹਿੰਦਾ ਇਕ ਦਿਨ ਹਿੰਦੁਸਤਾਨ ਦੇ ਹੋਰ ਸਿਰਕਢ ਵਿਦਵਾਨ ਪ੍ਰੋ. ਦੇ ਘਰ ਬੈਠੇ ਗੁਪ੍ਸ਼ੱਪ ਮਾਰ ਰਹੇ ਸਨ। ਪ੍ਰੋ. ਬਿਪਿਨ ਚੰਦਰਾ ਵੀ ਉਹਨਾਂ ਦੇ ਗੂਹੜੇ ਦੋਸਤ ਹੋਣ ਕਰਕੇ ਉਥੇ ਹੀ ਬੈਠੇ ਸਨ। ਪ੍ਰੋ. ਸ਼ਾਕਿਰ ਵੀ ਸਨ। ਕਿਸੇ ਇਕ ਟਾਪਿਕ `ਤੇ ਬਹਿਸ ਹੋਈ। ਪ੍ਰੋ. ਨੇ ਉਸ ਉਪਰ ਬਹੁਤ ਸ਼ਾਰ੍ਪ ਟਿੱਪਣੀ ਕੀਤੀ। ਸ਼ਾਕਿਰ ਮਗਰ ਪੈ ਗਿਆ ਕਿ ਉਹ ਇਸ ਗੱਲ ਨੂੰ ਇਕ ਕਿਤਾਬੀ ਰੂਪ ਦੇਣ। ਪ੍ਰੋ. ਕਹਿੰਦੇ, "ਵਿਪਿਨ ਡੂ ਯੂ ਐਗਰੀ ਵਿਦ ਮੀ?"

ਵਿਪਿਨ ਕਹਿੰਦੇ "ਬਿਲਕੁਲ !"।

ਰਣਧੀਰ ਕਹਿੰਦੇ, "ਫਿਰ ਤੂੰ ਹੀ ਲਿਖ ਦੇਹ...!"

ਯਾਨੀ ਉਹ ਪੇਨ ਚੁੱਕਣ ਨੂੰ ਇੰਝ ਟਾਲ-ਮਟੋਲ ਕਰ ਦਿੰਦੇ।

ਇਕ ਜ਼ਮਾਨੇ ਵਿਚ ਰਣਧੀਰ ਸਿੰਘ, ਵਿਪਿਨ ਚੰਦਰਾ ਤੇ ਹੋਰ ਵਿਦਵਾਨ "ਇਨਕੁਆਇਰੀ" ਨਾਂ ਦੀ ਮੇਗਜ਼ੀਨ ਕਢਦੇ ਹੁੰਦੇ ਸਨ। ਸ਼ਾਕਿਰ ਨੇ ਮੈਨੂੰ ਕਿਹਾ ਕੀ ਇਸ ਮੈਗਜ਼ੀਨ ਨੂੰ ਰਿਵਾਈਵ ਕਰ। ਜਾਂ ਇਸ ਚੋਂ ਕੁਝ ਲੇਖ ਲੈ ਕੇ ਇਕ ਕਿਤਾਬ ਪ੍ਰਕਾਸ਼ਿਤ ਕਰ। ਨੌਜਵਾਨਾਂ ਲਈ ਬਹੁਤ ਲਾਹੇਵੰਦ ਹੋਵੇਗੀ। ਮੈਂ ਰਣਧੀਰ ਹੁਰਾਂ ਨੂੰ ਕਿਹਾ ਪਰ ਉਹਨਾਂ ਵਿਪਿਨ ਚੰਦਰਾ ਤੇ ਗੱਲ ਸੁੱਟ ਦਿੱਤੀ। ਪਰ ਉਸ ਦਿਨ ਮੈਂ ਵੀ ਜ਼ਿੱਦ ਫੜ੍ਹ ਕੇ ਗਿਆ ਸਾਂ, ਤੇ ਅਖੀਰ ਮਨਾ ਕੇ ਹੀ ਉਠਿਆ ਕਿ ਜਲਦੀ ਹੀ ਉਹ ਇਕ ਕਿਤਾਬ ਤਿਆਰ ਕਰਕੇ ਮੈਨੂੰ ਦੇਣਗੇ। ਤੇ ਥੋਹੜੇ ਦਿਨਾਂ ਵਿਚ ਹੀ ਉਹਨਾਂ "ਆਫ਼ ਮਾਰਕਸਿਜ਼ਮ ਐਂਡ ਇੰਡੀਅਨ ਪੋਲਿਟਿਕਸ" ਦਾ ਖਰੜਾ ਪ੍ਰਕਾਸ਼ਿਤ ਕਰਨ ਲਈ ਮੈਨੂੰ ਦੇ ਦਿੱਤਾ। ਲੋਗ ਹੈਰਾਨ ਸਨ ਕੀ ਉਹ ਲਿਖਣ ਕਿਵੇਂ ਲਗ ਪਏ? ਖੈਰ ! ਫਿਰ ਮੈਂ ਉਹਨਾਂ ਤੋਂ "ਫਾਈਵ ਲੇਕਚ੍ਰਜ਼ ਇਨ ਮਾਰਕਸਿਸਟ ਮੋਡ" ਦਾ ਖਰੜਾ ਤਿਆਰ ਕਰਵਾ ਲਿਆ। ਇਹਨਾਂ ਦੋਹਾਂ ਕਿਤਾਬਾਂ `ਚ ਉਹਨਾਂ ਦੇ ਲੈਕਚਰ ਸਨ ਜੋ ਉਹ ਅਕਸਰ ਮੂੰਹ-ਜ਼ੁਬਾਨੀ ਦਿੰਦੇ ਹੁੰਦੇ ਸਨ। ਪਰ ਮੇਰੇ ਕਹਿਣ `ਤੇ ਉਹਨਾਂ ਇਹੋ ਜਿਹੇ ਆਪਣੇ ਵਿਦਵਤਾ-ਭਰਪੂਰ ਭਾਸ਼ਣ ਲਿਖ ਕੇ ਦੇਣੇ ਸ਼ੁਰੂ ਕਰ ਦਿਤੇ। ਤੇ ਬਹਿਸ ਮਗਰੋਂ ਉਹ ਉਹਨਾਂ ਨੂੰ ਖੂਬ ਰਿਵਾਈਜ਼ ਕਰਦੇ ਹੁੰਦੇ ਸਨ। ਫਿਰ ਉਹਨਾਂ ਦੀ ਕਿਤਾਬ "ਰਿਜ਼ਨ, ਰੈਵੋਲਿਉਸ੍ਨ ਐਂਡ ਪੁਲਿਟੀਕਲ ਥਿਊਰੀ" ਦਾ ਵੀ ਰਿਪ੍ਰਿੰਟ ਕਰ ਦਿਤਾ ਕਿਉਂਕਿ ਮੇਰੇ ਜਾਚੇ ਜੇ ਇਕ ਲੇਖਕ ਇਕੋ ਥਾਂ ਤੋਂ ਪ੍ਰਕਾਸ਼ਿਤ ਹੋਵੇ ਤਾਂ ਉਹ ਪਾਠਕ ਲਈ ਬਹੁਤ ਸਹੂਲੀਅਤ ਹੁੰਦੀ ਹੈ।

ਫਿਰ ਅਚਾਨਕ ਪ੍ਰੋ. ਸ਼ਾਕਿਰ ਤੁਰ ਗਏ। ਸਾਨੂੰ ਬਹੁਤ ਸਦਮਾ ਹੋਇਆ। ਪਰ ਸ਼ਾਕਿਰ ਦੇ ਤੁਰ ਜਾਣ ਬਾਅਦ ਯੁਨਿਵਰ੍ਸਿਟੀ ਨੇ "ਮੋਇਨ ਸ਼ਾਕਿਰ ਯਾਦਗਾਰੀ ਲੇਕਚਰ" ਕਰਵਾਇਆ। ਉਦੋਂ ਹੀ ਸੋਵੀਅਤ ਯੂਨੀਅਨ ਟੁੱਟ ਗਿਆ ਸੀ। ਮਗਰੋਂ ਪ੍ਰੋ. ਇੰਡੀਅਨ ਇਨਸਟੀਚਿਊਟ ਆਫ਼ ਅੱਡਵਾਂਸ ਸਟੱਡੀ ਵਿਖੇ ਸ਼ਿਮਲੇ ਚਲੇ ਗਏ। ਉਥੇ ਬੈਠ ਉਹਨਾਂ ਇਸ ਲੇਕਚਰ ਨੂੰ ਬੇਸ ਬਣਾ ਕੇ ਇਕ ਇਤਿਹਾਸਿਕ ਕਿਤਾਬ "ਕ੍ਰਾਇਸਿਸ ਆਫ਼ ਸੋਕਿਅਲਿਜ਼੍ਮ" ਤਿਆਰ ਕੀਤੀ। ਉਦੋਂ ਮੈਂ ਕੁਝ ਸਮੇਂ ਲਈ ਵਿਲਾਇਤ ਸਾਂ। ਫੋਨ `ਤੇ ਗਲ ਹੁੰਦੀ ਰਹਿੰਦੀ। ਪ੍ਰੋ ਰਣਧੀਰ ਹੁਰਾਂ ਦੇ ਉਹ ਲਫਜ਼ ਕਿ "ਇਹ ਕਿਤਾਬ ਤੇਰੇ ਕਹਿਣ `ਤੇ ਤਿਆਰ ਕੀਤੀ ਹੈ ਤੇ ਪ੍ਰਕਾਸ਼ਿਤ ਵੀ ਤੂੰ ਹੀ ਕਰਨੀ ਹੈ...ਭਾਵੇ ਸਾਲ ਲਗਾ ਜਾਂ ਦੋ...ਮੈਂ ਉਡੀਕ ਕਰਾਂਗਾ...!" ਚੇਤੇ ਕਰਦਿਆਂ ਉਹਨਾਂ ਦੇ ਅਥਾਹ ਪਿਆਰ ਕਰਕੇ ਕਈ ਵਾਰ ਅਖਾਂ ਭਰ ਆਉਂਦੀਆਂ।

ਉਹਨਾਂ ਦਾ ਮੁਹੱਬਤ ਦੇ ਇਜ਼ਹਾਰ ਕਰਨ ਦਾ ਤਰੀਕਾ ਹੀ ਅਲੱਗ ਸੀ। ਰਿਟਾਇਰਮੈਂਟ ਤੋਂ ਮਗਰੋਂ ਉਹ ਜਦੋਂ ਵੀ ਯੂਨੀਵਰਸਿਟੀ ਵੱਲ ਫੇਰਾ ਲਾਉਂਦੇ ਤਾਂ ਇਕ ਠਾਹਰ ਮੇਰੇ ਦਫਤਰ ਜ਼ਰੂਰ ਹੁੰਦੀ। ਮੇਰਾ ਦਫਤਰ ਕਰੋੜੀ ਮੱਲ ਕਾਲਿਜ ਦੇ ਸਾਹਮਣੇ ਸੀ। ਤੇ ਯੂਨੀਵਰਸਿਟੀ ਬਿਲਕੁਲ ਨਾਲ। ਘੰਟਿਆਂ-ਬਧੀ ਗੱਲਾਂ ਹੁੰਦੀਆਂ। ਕਈ ਵਾਰੀ ਸ਼ਾਕਿਰ ਉਹਨਾ ਦੀ ਕਲਾਸ `ਚ ਬਗੈਰ ਦੱਸੇ ਜਾ ਬੈਠਦੇ। ਕਹਿੰਦੇ ਪ੍ਰੋ. ਤੋ ਵਿਦਿਅਰਥੀਆਂ ਨੂੰ ਪੜ੍ਹਾਉਣ ਦਾ ਵੱਲ ਸਿਖਣ ਜਾਨਾ।

ਅੱਜ ਜਦੋਂ ਅਮਰਜੀਤ ਦੀ ਭੇਜੀ ਉਹਨਾਂ ਦੇ ਵਿਛੋੜੇ ਦੀ ਖਬਰ ਪੜੀ ਤਾਂ ਉਹਨਾਂ ਨਾਲ ਵਿਚਰੇ ਚਾਰ ਦਹਾਕੇ ਮੇਰੇ ਮੁਹਰੇ ਘੁੰਮ ਗਏ। ਜਲੰਧਰ ਤੇ ਚੰਡੀਗੜ ਦੇ ਪੰਜਾਬ ਬੁਕ ਸੈਂਟਰ, ਨਵਾਂ ਜ਼ਮਾਨਾ, ਦੇਸ਼ਭਗਤ ਯਾਦਗਾਰ ਹਾਲ, ਦਿੱਲੀ ਦਾ ਪੀਪਲਜ਼ ਪਬਲਿਸ਼ਿੰਗ ਹਾਉਸ, ਦਿੱਲੀ ਯੂਨੀਵਰਸਿਟੀ, ਪ੍ਰੋ. ਰਣਧੀਰ ਸਿੰਘ ਦਾ ਪਟੇਲ ਨਗਰ ਵਾਲਾ ਘਰ, ਬੰਗਲੋ ਰੋਡ ਵਾਲਾ ਮੇਰਾ ਦਫਤਰ ਤੇ ਮੇਰੀ ਆਖਰੀ ਮੁਲਾਕਾਤ ਉਹਨਾਂ ਦੇ ਤੈਮੂਰ ਨਗਰ ਵਾਲੇ ਘਰ...!

ਬਹੁਤ ਕੁਝ ਹੈ ਹੋਰ !...ਪਰ ਅੱਜ ਹੁਣ ਰੋਣ ਨੂੰ ਜੀਅ ਕਰ ਰਿਹਾ.

ਅਲਵਿਦਾ ਪ੍ਰੋਫ਼ੇਸਰ ਰਣਧੀਰ ਸਿੰਘ ! ਲਾਲ ਸਲਾਮ !!

ਈ-ਪਤ੍ਰਿਕਾ ਪ੍ਰਤਿਬੰਬ ਦੇ ਲਈ ਤੁਸੀਂ ਇਸ਼ਤਿਹਾਰ ਜਾਂ ਰਚਨਾਵਾਂ ਸਾਡੇ ਈ-ਮੇਲ ਪਤੇ scapepunjab@gmail.com ਤੇ ਭੇਜ ਸਕਦੇ ਹੋ। ਸਕੇਪ ਪੰਜਾਬ ਸੰਸਥਾ ਦੀ ਆਰਥਿਕ ਸਹਾਇਤਾ ਲਈ ਸਕੇਪ ਪੰਜਾਬ (ਸਕੱਤਰ) ਮਨਦੀਪ ਸਿੰਘ ਨੂੰ 9988314214 ਤੇ ਸੰਪਰਕ ਕਰ ਸਕਦੇ ਹੋ।



# ਲੋਕ ਗੌਣਾਂ ਵਿਚ ਨਾਰੀ ਮਨ

## ਮਨੋਵਿਗਿਆਨਕ ਪਾਸਾਰ

**ਡਾ. ਇੰਦਰਾ ਵਿਰਕ**

ਮਨੁੱਖੀ ਜੀਵਨ ਦੇ ਅਨੇਕਾਂ ਪਾਸਾਰਾਂ ਵਿਚੋਂ ਗੁਜ਼ਰਦਿਆਂ ਨਾਰੀ ਅਨੇਕਾਂ ਤਰ੍ਹਾਂ ਦੇ ਪ੍ਰਭਾਵ ਗ੍ਰਹਿਣ ਕਰਦੀ ਹੈ ਜਿਨ੍ਹਾਂ ਨੂੰ ਉਹ ਬਹੁਤੀ ਵਾਰ ਦੇਖ ਕੇ ਅਣਦੇਖਿਆਂ ਕਰਨ ਵੱਲ ਰੁਚਿਤ ਹੁੰਦੀ ਪ੍ਰਤੀਤ ਹੁੰਦੀ ਹੈ ਪਰ ਓਹ ਅਚੇਤਨ ਪੱਧਰ ਤੇ ਹਰ ਉਸ ਪ੍ਰਸੰਗ, ਪਾਸਾਰ ਤੇ ਪਰਿਪੇਖ ਨੂੰ ਏਨੀ ਸੰਜੀਦਗੀ ਨਾਲ ਗ੍ਰਹਿਣ ਕਰਦੀ ਹੈ ਅਤੇ ਸਮੇਂ-ਸਮੇਂ ਲੋਕ-ਗੌਣਾਂ ਰਾਹੀਂ ਉਨ੍ਹਾਂ ਦੀ ਸਿਰਜਣਾ ਕਰਕੇ ਉਹ ਵਿਦਰੋਹ ਮੂਲਕ ਭਾਵਨਾ ਦਾ ਪ੍ਰਦਰਸ਼ਨ ਵੀ ਕਰਦੀ ਹੈ । ਤਨਾਉ ਪੈਦਾ ਹੋਣ ਦਾ ਮੁੱਖ ਕਾਰਨ ਔਰਤ/ਨਾਰੀ ਦੀ ਸਮਾਜਕ ਸਥਿਤੀ ਹੈ ਕਿਉਂਕਿ ਮੁੱਢ ਤੋਂ ਹੀ ਸਾਡੇ ਸਮਾਜ ਵਿਚ ਔਰਤ ਦੀ ਸਥਿਤੀ ਬਹੁਤੀ ਵਧੀਆ ਨਹੀਂ ਰਹੀ ਹੈ । ਇਕ ਮੱਤ ਅਨੁਸਾਰ ਜਿਥੇ ਉਸ ਨੂੰ ਮਰਦ ਦੀ ਅਰਧਾਂਗਨੀ ਕਿਹਾ ਗਿਆ ਹੈ ਉਥੇ ਉਹ ਮਰਦ ਦੀ ਗੋਲੀ ਵੀ ਕਹਾਉਂਦੀ ਹੈ। ਬਚਪਨ ਤੋਂ ਹੀ ਬਾਲੜੀ ਨੂੰ ਅਨੇਕਾਂ ਨਸੀਹਤਾਂ ਦਾ ਪਰੋਸਣ ਪਰੋਸਿਆ ਮਿਲਦਾ ਰਿਹਾ ਹੈ । ਆਹ ਕੰਮ ਕਰਨਾ, ਔਹ ਨਹੀਂ ਕਰਨਾ, ਇਧਰ ਜਾਣਾ, ਉਧਰ ਨਹੀਂ ਜਾਣਾ ਆਦਿ ਇਹ ਸਵਾਲੀਆ ਸ਼ਬਦ ਉਸ ਦੇ ਅੰਤਰਮਨ ਅੰਦਰ ਘਰ ਬਣਾਈ ਰੱਖਦੇ ਰਹੇ ਹਨ। ਇਨ੍ਹਾਂ ਸਵਾਲਾਂ ਦੇ ਜਵਾਬ ਉਸ ਨੂੰ ਕਿਧਰੇ ਨਹੀਂ ਮਿਲਦੇ। ਬਾਲੜੀ ਵਰੇਸ ਵਿਚ ਨਸੀਹਤਾਂ ਸੁਣ-ਸੁਣ ਕੇ ਉਸ ਦਾ ਜੀਵਨ ਅਧੀਨਗੀ ਭਰਿਆ ਬਣ ਜਾਂਦਾ ਹੈ। ਇਸ ਅਧੀਨਗੀ ਤੋਂ ਨਿਜ਼ਾਤ ਹਾਸਲ ਕਰਨ ਦੀ ਲੋਚਾ, ਉਸ ਦੇ ਮਨ ਵਿਚ ਉਮਡਦੀ ਹੈ ਪਰ ਸਿੱਧੇ ਤਰੀਕੇ ਨਾਲ ਲੋਚਾ ਪੂਰਤੀ ਸੰਭਵ ਨਹੀਂ ਹੈ। ਇਸ ਸੰਭਵ ਤੇ ਅਸੰਭਵ ਦੇ ਦਵੰਦ ਵਿਚ ਫਸੀ ਉਹ ਤਨਾਉ ਦਾ ਸ਼ਿਕਾਰ ਹੋ ਜਾਂਦੀ ਹੈ। ਲੋਕ ਗੌਣ ਇਸ ਤਨਾਉ ਦੀ ਹੀ ਉਪਜ ਮਹਿਸੂਸ ਹੁੰਦੇ ਹਨ ਕਿਉਂਕਿ ਤਨਾਉ ਹਰੇਕ ਸਾਹਿਤਕ ਰਚਨਾ ਦਾ ਅਦਿਖ ਸੂਤਰ ਹੁੰਦਾ ਹੈ। ਤਨਾਉ ਹੀ ਇਨ੍ਹਾਂ ਗੌਣਾਂ ਦਾ ਉਪਜਾਊ ਬਿੰਦੂ ਹੈ। ਇਸ ਪ੍ਰਕਾਰ ਨਾਰੀ ਵੱਖ-ਵੱਖ ਪੱਧਰਾਂ ਤੇ ਤਨਾਉ ਨੂੰ ਭੋਗਦੀ ਹੋਈ ਆਪਣੇ ਅਵਚੇਤਨ ਮਨ ਅਤੇ ਸੰਵੇਦਨਸ਼ੀਲ ਪ੍ਰਤਿਭਾ ਰਾਹੀਂ ਮਾਨਸਿਕ ਸੰਤੁਸ਼ਟੀ ਹਾਸਲ ਕਰਨ ਹਿੱਤ ਲੋਕ ਗੌਣਾਂ ਰਾਹੀਂ ਆਪਣੀ ਹਾਜ਼ਰੀ ਅਕਿਤ ਕਰਦੀ ਹੈ।

ਲੋਕ ਗੌਣਾਂ/ਲੰਮੇ ਗੌਣਾਂ ਦੀ ਖ਼ਾਸ ਵਿਸ਼ੇਸ਼ਤਾ ਇਨ੍ਹਾਂ ਦੀ ਬਿਰਤਾਂਤਕਾਰੀ ਪ੍ਰਵਿਰਤੀ ਹੈ। ਹਰੇਕ ਗੌਣ ਕੋਈ ਨਾ ਕੋਈ ਬਿਰਤਾਂਤ ਸਿਰਜਦਾ ਪ੍ਰਤੀਤ ਹੁੰਦਾ ਹੈ।

ਔਰਤ ਜਦੋਂ ਤਕ ਕੁਆਰੀ ਧੀ ਹੈ, ਉਹ ਘੱਟ ਲਾਡ ਤੇ ਵੱਧ ਦਬਾਅ ਵਿਚ ਜਿਊਂਦੀ ਹੈ । ਉਸ ਦੀਆਂ ਸੀਮਾਵਾਂ ਪੂਰਵ ਨਿਸ਼ਚਿਤ ਤੇ ਨਿਰਧਾਰਿਤ ਹੋ ਚੁੱਕੀਆਂ ਹੁੰਦੀਆਂ ਹਨ। ਵਿਆਹੀ ਜਾਣ ਉਪਰੰਤ ਵੀ ਉਹ ਦਮਨ ਦਾ ਪਾਤਰ ਬਣਦੀ ਹੈ। ਇਨ੍ਹਾਂ ਦਬਾਵਾਂ ਨੂੰ ਸਹਿੰਦੀ ਹੋਈ ਜਦ ਉਹ ਉਮਰ ਦੀ ਪੱਕੀ ਸੀਮਾ ਵਿਚ ਪ੍ਰਵੇਸ਼ ਕਰਦੀ ਹੈ ਤਾਂ ਉਸ ਦੇ ਘਰ ਵੀ ਨੂੰਹਾਂ ਦਾ ਪ੍ਰਵੇਸ਼ ਆਰੰਭ ਹੋ ਜਾਂਦਾ ਹੈ। ਸੱਸ ਵੱਲੋਂ ਭੋਗੇ ਲੰਮੇ ਸੰਤਾਪ ਅਤੇ ਦੁਰਵਿਹਾਰਾਂ ਦਾ ਬਦਲਾ ਉਹ ਆਪਣੀ ਨੂੰਹ ਕੋਲੋਂ ਲੈਂਦੀ ਹੈ । ਜਿਵੇਂ ਸੱਸ ਦਮਨ ਦਾ ਪਾਤਰ ਬਣੀ ਰਹੀ ਹੈ ਓਵੇਂ ਹੀ ਉਹ ਨੂੰਹ ਨੂੰ ਬਣਾਉਣਾ ਲੋਚਦੀ ਹੈ ਜਾਂ ਬਣਾਉਂਦੀ ਹੈ। ਇਹ ਦਮਨ ਮੂਲ ਰੂਪ ਵਿਚ ਰੋਹ ਤੋਂ ਵਿਦਰੋਹ ਵੱਲ ਯਾਤਰਾ ਕਰਦਾ ਹੈ। ਵਿਦਰੋਹ ਦੀ ਸ਼ਿੱਦਤ ਦਾ ਸੰਬੰਧ ਆਰਥਿਕ ਤੇ ਮਨੋਵਿਗਿਆਨਕ ਪਾਸਾਰਾਂ/ਆਧਾਰਾਂ ਨਾਲ ਹੈ । ਬਹੁਤੀ ਵਾਰੀ ਇਹ ਦਮਨ ਲੋਕ ਗੀਤਾਂ/ਲੰਮੇ ਗੌਣਾਂ ਵਿਚ ਕਥਾਰਸਿਜ਼ ਗ੍ਰਹਿਣ ਕਰਦਾ ਹੈ। ਇਹ ਕਥਾਰਸਿਜ਼ ਹੀ ਲੰਮੇ ਗੌਣਾਂ ਦੀ ਕੇਂਦਰੀ ਟੇਕ ਹੈ।

ਨਾਰੀ ਸਮਾਜਕ ਵਰਤਾਰਿਆਂ ਅਤੇ ਮਨੋਵਿਗਿਆਨਕ ਦਬਾਵਾਂ ਤਹਿਤ ਨਿਰੰਤਰ ਦਬਾਅ ਕੇਂਦਰਿਤ ਜੀਵਨ ਜਿਊਂਦੀ ਹੈ ਪਰ ਇਨ੍ਹਾਂ ਸਾਰਿਆਂ ਵਰਤਾਰਿਆਂ ਵਿਚ ਮਹੱਤਵਪੂਰਨ ਵਰਤਾਰਾ ਔਲਾਦ ਪ੍ਰਾਪਤੀ ਦਾ ਹੈ। ਜਿਹੜੀ ਨਾਰੀ/ਔਰਤ ਮਾਂ ਨਹੀਂ ਬਣ ਸਕਦੀ, ਕਾਰਨ ਕੋਈ ਵੀ ਹੋਵੇ ਉਸ ਨੂੰ ਸਮਾਜਕ ਪਰਿਵਾਰਕ ਤੇ ਸਭਿਆਚਾਰਕ ਵਰਤਾਰਿਆਂ ਵਿਚ ਮਾਨਤਾ ਪ੍ਰਾਪਤ ਨਹੀਂ ਹੁੰਦੀ ਅਤੇ ਤ੍ਰਿਸਕਾਰ ਦੀ ਪਾਤਰ ਬਣਨਾ ਪੈਂਦਾ ਹੈ । ਉਸ ਦਾ ਜਣਨ ਚਰਿੱਤਰ ਜਾਂ ਜਰਖੇਜ਼ ਜਿਸਮ ਓਨਾ ਚਿਰ ਹੀ ਗੁਣਕਾਰੀ, ਲਾਭਕਾਰੀ ਤੇ ਪ੍ਰਾਸੰਗਿਕ ਮਨਿਆ ਜਾਂਦਾ ਹੈ ਜਦ ਤਕ ਉਹ ਮਾਂ ਬਣਨ ਦੀ ਪ੍ਰਕਿਰਿਆ ਨੂੰ ਹਾਸਲ ਬਣਾ ਕੇ ਪੇਸ਼ ਨਹੀਂ ਕਰ ਸਕੇਗੀ। ਇਸ ਮਾਨਸਿਕ ਦਬਾਅ ਵਿਚੋਂ ਹੀ ਉਹ ਆਪਣੀਆਂ ਅਪੂਰਨ? ਖ਼ਾਹਿਸ਼ਾਂ ਨੂੰ ਗੌਣਾਂ ਦੇ ਮਾਧਿਅਮ ਰਾਹੀਂ ਵਿਅਕਤ ਕਰਕੇ ਔਲਾਦ ਮੋਹ ਦੀ ਤ੍ਰਾਸਦੀ ਦੀ ਅਸਿੱਧੀ ਰੂਪਾਂਤਰਣ ਪ੍ਰਕਿਰਿਆ ਪ੍ਰਸਤੁਤ ਕਰਦੀ ਹੋਈ ਸੰਕੇਤਕ ਤੇ ਸੰਭਾਵੀ ਔਲਾਦ ਦਾ ਚਰਿਤਰ ਬਣਾਉਣ ਦੀ ਤਮੰਨਾ ਦਾ ਨਿਮਨਲਿਖਤ ਅਨੁਸਾਰ ਇਜ਼ਹਾਰ ਕਰਦੀ ਹੈ

**ਮਿੱਟੀ ਦਾ ਬਾਵਾ ਨਹੀਓਂ ਬੋਲਦਾ, ਨਹੀਓਂ ਚਾਲਦਾ**
**ਨਹੀਓਂ ਦੇਂਦਾ ਹੁੰਗਾਰਾ**
**ਨੈਣ ਨਹਾਉਣ ਲੱਗੀ ਦਾ ਟੁੱਟ ਗਿਆ ਨੀ**
**ਮੇਰਾ ਮਿੱਟੀ ਦਾ ਬਾਵਾ**

ਇਹ ਲੋਕ ਗੌਣ ਨਾਰੀ ਮਨ ਦੀਆਂ ਉਨ੍ਹਾਂ ਅਦ੍ਰਿਸ਼ ਗੁਫ਼ਾਵਾਂ ਦੀ ਯਾਤਰਾ ਕਰਵਾਉਂਦਾ ਹੈ ਜਿਸ ਵਿਚ ਸੰਤਾਨ ਦੀ ਗ਼ੈਰਹਾਜ਼ਰੀ ਮਮਤਾਪੂਰਵ ਵਰਤਾਰੇ ਅਤੇ ਇਸ ਨਾਲ ਜੁੜੀਆਂ ਸਾਰੀਆਂ ਕਿਰਿਆਵਾਂ ਤੇ ਪ੍ਰਤੀਕਿਰਿਆਵਾਂ, ਇਸ ਪ੍ਰਸੰਗ ਵਿਚ ਉਣੇ ਜਾ ਰਹੇ ਸੁਪਨੇ, ਉਨ੍ਹਾਂ ਸੁਪਨਿਆਂ ਨਾਲ ਲਗਾਤਾਰ ਜੁੜੇ ਰਹਿਣਾ ਤੇ ਫੇਰ ਉਨ੍ਹਾਂ ਸੁਪਨਿਆਂ ਦਾ ਕਲਪਨਾ ਵਿਚ ਟੁੱਟ ਜਾਣਾ, ਨਾਰੀ ਦਾ ਮੋਹ ਭੰਗ ਹੋ ਜਾਣਾ, ਉਸ ਤ=ਾਸਦੀ ਮੂਲਕ ਬਿੰਦੂ ਦੀ ਅੱਕਾਸੀ ਹੈ ਜਿਹੜਾ ਮਨੋਵਿਗਿਆਨਕ ਪੱਧਰ ਤੇ ਨਾਰੀ ਮਨ ਦੇ ਆਰ-ਪਾਰ ਫੈਲਿਆ ਹੋਇਆ ਹੈ। ਨਾਰੀ ਦੇ ਮਨ ਅੰਤਰ ਵਿਚ ਭਾਵਨਾਵਾਂ ਦਾ ਇਕ ਵਿਸ਼ਾਲ ਸਮੁੰਦਰ ਹੈ ਜਿਸ ਵਿਚ ਉਸ ਦੀਆਂ ਯਾਦਾਂ, ਸੁਪਨਿਆਂ ਤੇ ਸੱਧਰਾਂ ਦਾ ਬੀਜ ਗਣਿਤ ਉਲਝਿਆ ਪਿਆ ਹੈ। ਉਸ ਦੇ ਮਨ ਅੰਦਰ ਇਕ ਆਦਰਸ਼ਕ ਮਰਦ ਦਾ ਸੰਕਲਪ ਹੈ, ਜਿਹੜਾ ਪ੍ਰਾਪਤ ਨਹੀਂ ਹੋ ਰਿਹਾ ਪਰ ਉਸ ਦੀ ਪ੍ਰਾਪਤੀ ਦੀ ਅਕਾਂਖਿਆ ਉਸ ਦੇ ਮਨ ਅੰਤਰ ਪਈ ਹੋਈ ਹੈ। ਉਹ ਆਪਣੇ ਮਨ ਅੰਦਰ ਸਮੋਏ ਅਮੂਰਤ ਚਰਿੱਤਰ ਨੂੰ ਸ਼ਾਬਦਿਕ ਅਭਿਵਿਅੰਜਨਾ ਕਾਇਮ ਕਰਦੀ ਹੋਈ, ਸਮਾਜਕ ਅਭਿਵਿਅੰਜਨਾ ਦਾ ਓਹਲਾ ਰੱਖਣਾ ਚਾਹੁੰਦੀ ਹੈ ਅਤੇ ਉਸ ਨੂੰ ਨਿਮਨਲਿਖਤ ਗੌਣ ਰਾਹੀਂ ਲੁਕਾਅ ਜੁਗਤਾਂ ਵੀ ਦੱਸਦੀ ਪ੍ਰਤੀਤ ਹੁੰਦੀ ਹੈ :-

**ਥਾਲ ਉਤੇ ਰੁਮਾਲ ਵੇ ਅੜਿਆ**
**ਥਾਲ ਉਤੇ ਰੁਮਾਲ ਚੀਰੇ ਵਾਲਿਆ**
**ਵਿਚ ਚੰਬੇ ਦੀਆਂ ਵੇ ਡਾਲੀਆਂ**
**ਇਹ ਖਿੜਿਆ ਗੁਲਜ਼ਾਰ ਵੇ ਅੜਿਆ**

**ਵੇਖਣ ਨੂੰ ਰੱਬ ਵੇ ਦਿੱਤੀਆਂ**
**ਮਿਲਿਉਂ ਵਿਚ ਬਾਜ਼ਾਰ ਵੇ ਅੜਿਆ**
**ਦੋ ਦੀਆਂ ਹੋ ਗਈਆਂ ਚਾਰ ਵੇ ਅੜਿਆ**
**ਦੋ ਤੇਰੀਆਂ ਦੋ ਵੇ ਮੇਰੀਆਂ**

**ਪਹਿਲੇ ਪਹਿਰ ਨਾ ਆ, ਚੀਰੇ ਵਾਲਿਆ ਵੇ**
**ਦੀਵੇ ਬਲਣ ਵਿਚ ਸ਼ਹਿਰ ਦੇ**
**ਦੂਜੇ ਪਹਿਰ ਨਾ ਆ ਚੀਰੇ ਵਾਲਿਆ**
**ਚੌਂਕੀ ਫਿਰੇ ਵੇ ਠਾਣੇਦਾਰ ਦੀ**
**ਚੌਥੇ ਪਹਿਰ ਤੂੰ ਆ ਚੀਰੇ ਵਾਲਿਆ ਵੇ**
**ਲੋਕ ਸੁੱਤੇ ਬੰਦੀ ਵੇ ਜਾਗਦੀ**

ਇਸ ਲੋਕ ਗੌਣ ਰਾਹੀਂ ਮੁਟਿਆਰ ਗੱਭਰੂ ਨੂੰ ਆਪਸੀ ਰਿਸ਼ਤੇ ਤੇ ਆਪਣੀ ਸਥਿਤੀ ਤੋਂ ਜਾਣੂ ਕਰਵਾਉਂਦੀ ਹੈ। 'ਥਾਲ ਉਤੇ ਰੁਮਾਲ ਤੋਂ ਭਾਵ ਅਜਿਹਾ ਥਾਲ ਹੈ ਜਿਹੜਾ ਕੀਮਤੀ ਸਮਾਨ ਨਾਲ ਭਰਿਆ ਹੋਇਆ ਹੈ ਅਤੇ ਲੋਕਾਂ ਦੀਆਂ ਨਜ਼ਰਾਂ ਤੋਂ ਓਹਲੇ ਦੇ ਸੰਕੇਤ ਵਜੋਂ ਰੁਮਾਲ ਨਾਲ ਢੱਕਿਆ ਹੋਇਆ ਹੈ। ਢੱਕੀ ਹੋਈ ਚੀਜ਼ ਕੋਈ ਆਮ ਨਹੀਂ ਸਗੋਂ 'ਚੰਬੇ ਦੀ ਡਾਲੀ ਨੁਮਾ ਹੈ। ਅੱਗੇ ਚੱਲ ਕੇ 'ਚੀਰੇ ਵਾਲੇ ਭਾਵ ਹਾਣ ਦੇ ਗੱਭਰੂ ਨੂੰ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਮੁਟਿਆਰ ਦੀ ਜਵਾਨੀ ਵੀ ਸਮਾਜਕ ਕਦਰਾਂ-ਕੀਮਤਾਂ ਅਤੇ ਸ਼ਰਮ ਹਯਾ ਦੇ ਪਰਦਿਆਂ ਹੇਠ ਢੱਕੀ ਹੋਈ ਹੈ। ਜਿਵੇਂ ਚੰਬੇ ਦੀ ਡਾਲੀ? ਖ਼ੁਸ਼ਬੂਦਾਰ, ਛੋਟੀ ਤੇ ਅੱਧਖਿੜੀ ਹੈ ਉਸੇ ਤਰ੍ਹਾਂ ਦੀ ਸਥਿਤੀ ਮੁਟਿਆਰ ਦੀ ਹੈ। ਇਸ ਚੰਬੇ ਦੀ ਬੂਟੀ ਤੇ ਬਹਾਰ ਆਪਣੇ ਅਸਲੇ ਭਾਵ ਹਾਣ ਨੂੰ ਮਿਲ ਕੇ ਹੀ ਆ ਸਕਦੀ ਹੈ। ਫਿਰ ਵੇਖਣ ਨੂੰ ਦਿੱਤੀਆਂ ਦੋ ਅੱਖੀਆਂ ਰਾਹੀਂ ਜਦ ਆਪਣੇ ਹਾਣੀ ਦੇ ਦੀਦਾਰ ਕਰਦੀ ਹੈ ਤਾਂ ਇਕ ਦੋਵਾਂ ਦੀਆਂ ਅੱਖਾਂ ਮਿਲਣ ਉਪਰੰਤ ਚਾਰ ਹੋ ਜਾਂਦੀਆਂ ਹਨ। ਦੁਵੱਲੀ ਖਿੱਚ ਪਿਆਰ ਲੀਲਾ ਦਾ ਆਰੰਭਕ ਬਿੰਦੂ ਸਾਬਤ ਹੁੰਦੀ ਹੈ। ਇਸ ਪਿਆਰ ਲੀਲਾ ਦਾ ਨਿਭਾਅ ਮਿਲਣੀਆਂ ਉਪਰੰਤ ਹੀ ਅੱਗੇ ਸਾਕਾਰ ਹੋਣ ਦੇ ਸਮਰੱਥ ਹੋ ਸਕਦਾ ਹੈ ਪਰ ਇਹ ਮਿਲਣੀਆਂ ਸਧਾਰਨ ਮਿਲਣੀਆਂ ਨਹੀਂ ਇਨ੍ਹਾਂ ਵਿਚ ਸਮਾਜਕ ਕਦਰਾਂ-ਕੀਮਤਾਂ ਦੇ ਕੋਟ/ਕਿੱਲੇ ਹਨ, ਜਿਨ੍ਹਾਂ ਨੂੰ ਪਾਰ ਕਰ ਸਕਣ ਦੀ ਸਮਰੱਥਾ ਸ਼ਕਤੀ ਸਧਾਰਨ ਨਹੀਂ ਹੈ। ਹੁਣ ਇਹ ਮਿਲਣ ਦਿਨ ਦੀਵੀਂ ਅਸੰਭਵ ਹੋਣ ਕਰਕੇ, ਚੋਰੀ ਦਾ ਰਿਸ਼ਤਾ ਹੋਣ ਕਰਕੇ ਅਤੇ ਵਰਜਿਤ ਅਮਲ ਹੋਣ ਕਰਕੇ ਰਾਤਾਂ ਦਿਆਂ ਹਨੇਰਿਆਂ ਵਿਚ ਪ੍ਰਵਾਨ ਹੋ ਸਕਣ ਲਈ ਤਤਪਰ ਹੈ। ਇਸ ਆਧਾਰ ਤੇ ਰਾਤ ਨੂੰ ਚਾਰ ਪਹਿਰਾਂ ਵਿਚ ਵਿਭਾਜਿਤ ਕੀਤਾ ਗਿਆ ਹੈ। ਮੁਟਿਆਰ ਮਿਲਣ ਲਈ ਸਹੀ ਸਥਾਨ ਤੇ ਸਮਾਂ ਨਿਸ਼ਚਿਤ ਕਰਦੀ ਹੈ। ਪਹਿਲੇ ਪਹਿਰ 'ਦੀਵੇ ਜਗਦੇ ਹਨ। ਜਗਦੇ ਦੀਵੇ ਪਿਆਰ-ਮਿਲਣੀ ਲਈ ਬਾਧਾ ਬਣਦੇ ਹਨ। ਦੂਜੇ ਪਹਿਰ 'ਮਾਂ ਬੇਸ਼ੱਕ ਸੌਂ ਚੁੱਕੀ ਹੈ ਪਰ ਪਿਉ ਦੇ ਜਾਗਦੇ ਹੋਣ ਦਾ ਖਦਸ਼ਾ ਹੈ। ਤੀਜੇ ਪਹਿਰ ਵੀ ਮਿਲਣੀ ਅਸੰਭਵ ਹੈ ਕਿਉਂਕਿ 'ਚੌਂਕੀਦਾਰ ਜਾਗਦਾ ਹੈ।' ਹੁਣ ਚੌਂਕੀਦਾਰ ਅਜਿਹਾ ਕਿਰਦਾਰ ਹੈ ਜਿਹੜਾ ਕੋਈ ਵੀ ਨਵੀਂ ਗੱਲ ਦਾ ਢੰਡੋਰਾ/ਡੌਂਡੀ ਪਿੱਟਦਾ ਹੈ। ਇਸ ਡੌਂਡੀ ਪਿੱਟ ਦੇ ਸਾਹਮਣੇ ਅਸੰਭਵਤਾ ਲਗਾਤਾਰ ਬਣੀ ਹੋਈ ਹੈ। ਚੌਥੇ ਪਹਿਰ ਮਹਿਬੂਬ ਨੂੰ ਮਿਲਣੀ ਦਾ ਸੰਕੇਤ ਦੇ ਦਿੱਤਾ ਜਾਂਦਾ ਹੈ ਜਦ 'ਲੋਕ ਸੁੱਤੇ ਬੰਦੀ ਜਾਗਦੀ।' ਇਥੇ ਪ੍ਰੇਮਿਕਾ ਪ੍ਰੇਮੀ ਦੀ ਜਗਿਆਸਾ ਵੱਸ ਜਾਗ ਰਹੀ ਹੈ ਅਤੇ ਦੋਵੇਂ ਆਪਣੀ ਪ੍ਰੇਮ-ਮਿਲਣੀ ਨੂੰ ਕਿਰਿਆਤਮਕ ਪੱਧਰ ਤੇ ਪੂਰਿਆਂ ਹੋਣ ਲਈ ਮੌਕਾ ਬਣਾ ਰਹੇ ਪ੍ਰਤੀਤ ਹੁੰਦੇ ਹਨ।

ਨਾਰੀ ਮਨ ਦੀਆਂ ਅਤਿ ਸੰਵੇਦਨਸ਼ੀਲ ਭਾਵਨਾਵਾਂ ਦੀਆਂ ਤਹਿਆਂ ਨੂੰ ਖੋਲ੍ਹਦਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਨਾਰੀ ਆਪਣੀ ਵੱਲੋਂ ਹਰ

ਵਿਯੋਗਾਤਮਕ ਘੜੀ ਨੂੰ ਟਾਲਣਾ ਚਾਹੁੰਦੀ ਹੈ। ਪਰਦੇਸ ਜਾ ਰਹੇ ਮਾਹੀ ਨੂੰ ਉਹ ਰੋਕਣ ਲਈ 'ਆਪ ਤੁਰ ਚੱਲੇ ਪਰਦੇਸ ਜੀ ਮੈਂ ਜਾਣ ਨਾ ਦੇਂਦੀ ਆਂ, ਨੀਲੜੇ ਘੋੜੇ ਦੀ ਵਾਗ ਪਕੜ ਖਲੋਂਦੀ ਆਂ ਇਥੋਂ ਤਕ ਕਹਿ ਦੇਂਦੀ ਹੈ। ਅਖੀਰ ਪਰਦੇਸ ਤੁਰ ਜਾਣ ਪਿਛੋਂ ਪਤਨੀ ਦੀ ਜਿਹੜੀ ਮਾਨਸਿਕ ਹਾਲਤ ਹੈ, ਉਸ ਸੰਬੰਧੀ ਉਹ ਅਨੇਕਾਂ ਗੀਤ ਲਿਖਦੀ ਹੈ

**ਲੜੀ ਵੇ ਪ੍ਰੀਤ ਵਾਲੀ ਟੁੱਟਦੀ ਵੀ ਨਾ**
**ਰਾਤ ਵੇ ਵਿਛੋੜੇ ਵਾਲੀ ਮੁੱਕਦੀ ਵੀ ਨਾ**

**ਜਦੋਂ ਮਾਹੀ ਚੱਲਿਆ ਮੈਂ ਖੜ੍ਹੀ ਸਾਂ ਦਹਿਲੀਜ਼ ਤੇ**
**ਮੋਟੇ ਮੋਟੇ ਹੰਝੂ ਡਿੱਗੇ ਰੇਸ਼ਮੀ ਕਮੀਜ਼ ਤੇ**
**ਜਦੋਂ ਮਾਹੀ ਚੱਲਿਆ ਮੈਂ ਖੜ੍ਹੀ ਸਾਂ ਖੂਹ ਤੇ**
**ਮੋਟੇ ਮੋਟੇ ਹੰਝੂ ਡਿੱਗੇ ਮੇਰੇ ਮੂੰਹ ਤੇ**

**ਜਦੋਂ ਮਾਹੀ ਚੱਲਿਆ ਹੱਥੀਂ ਲੱਗੀ ਸੀ ਮਹਿੰਦੀ**
**ਸੱਸ ਕੋਲੋਂ ਡਰਦੀ ਮੈਂ ਕੋਲ ਨਾ ਬਹਿੰਦੀ**
**ਜਦੋਂ ਮਾਹੀ ਚੱਲਿਆ ਮੇਰੇ ਹੱਥ ਸੀ ਰੁਮਾਲ**
**ਜੋੜਾਂ ਹੱਥ ਮਾਹੀ ਵੇ ਮੈਨੂੰ ਲੈ ਚੱਲ ਨਾਲ**

ਇਸ ਲੋਕ ਗੌਣ ਰਾਹੀਂ ਪਤਨੀ ਆਪਣੇ ਪਰਦੇਸ ਜਾ ਰਹੇ ਪਤੀ ਨੂੰ ਤੋਰਦਿਆਂ ਆਪਣੀ ਮਨੋਅਵਸਥਾ ਦਾ ਇਜ਼ਹਾਰ ਕਰਦੀ ਹੈ। ਉਹ ਜਾਣਦੀ ਹੈ ਕਿ ਮਾਹੀ ਤੋਂ ਬਿਨਾਂ ਵਿਛੋੜੇ ਰੂਪੀ ਇਕ ਰਾਤ ਵੀ ਗੁਜ਼ਾਰਨੀ ਉਸ ਲਈ ਅਸਹਿ ਹੈ। ਮਾਹੀ ਨੂੰ ਤੋਰਦੀ ਮੁਟਿਆਰ ਅੱਖਾਂ ਭਰ ਕੇ ਵਿਦਿਆ ਕਰਦੀ ਹੈ ਪਰ ਸੰਯੁਕਤ ਪਰਿਵਾਰ ਵਿਚ ਰਹਿਣ ਕਰਕੇ, ਸੱਸ ਦੀ ਘਰ ਵਿਚ ਹੁਕਮਰਾਨਾ ਹਾਜ਼ਰੀ ਕਰਕੇ, ਉਹ ਪਤੀ ਨਾਲ ਬੈਠ ਕੇ ਚਾਰ ਗੱਲਾਂ ਵੀ ਨਹੀਂ ਕਰ ਸਕਦੀ। ਅੰਤ ਇਸ਼ਾਰਿਆਂ ਦੀ ਭਾਸ਼ਾ ਹੱਥ ਜੋੜ ਕੇ ਰਾਹੀਂ ਉਹ ਉਸ ਨੂੰ ਆਪਣੇ ਨਾਲ ਲੈ ਜਾਣ ਲਈ ਮਿੰਨਤਾਂ ਕਰਦੀ ਹੈ। ਉਸ ਦੀਆਂ ਇਨ੍ਹਾਂ ਅਕਹਿ ਤੇ ਅਸਹਿ ਮਾਨਵੀ ਭਾਵਨਾਵਾਂ ਦਾ ਪ੍ਰਗਟਾਵਾ ਲੋਕ ਗੌਣਾਂ ਰਾਹੀਂ ਜ਼ੁਬਾਨ ਹਾਸਲ ਕਰਦਾ ਹੈ। ਪਤਨੀ ਨੂੰ ਪਤੀ ਪਰਦੇਸ ਤੋਰਦਿਆਂ ਇਕ ਹੌਸਲਾ ਮਨ ਵਿਚ ਰਹਿੰਦਾ ਹੈ ਕਿ ਸ਼ਾਇਦ ਪਰਦੇਸ ਜਾ ਰਹੇ ਪਤੀ ਨੂੰ ਨੌਕਰੀ ਹੀ ਨਾ ਮਿਲੇ

**ਜੰਮੂ ਸ਼ਹਿਰ ਵਸੇਂਦਿਆ, ਵੱਸ ਸ਼ਹਿਰ ਮੇਰੇ**
**ਬੀਬਾ ਜਾ ਪੁੱਛਾਂ ਤੇਰੀ ਮਾਂ ਤਾਈਂ**
**ਸੱਸੇ ਪੁੱਤ ਕਿਹੜੇ ਪਾਸੇ ਵੱਲ ਤੋਰਿਆ ਈ (**
**ਨੂੰਹੇਂ ਮੈਂ ਨਾ ਤੋਰਿਆ, ਤੂੰ ਨਾ ਤੋਰਿਆ**
**ਦੰਮਾਂ ਦਾ ਲੋਭੀ ਆਪੇ ਤੁਰ ਨੀ ਗਿਆ**

**ਬੀਵਾ ਵੇ ਸਬਰ ਪਵੇ ਤੇ ਤੇਰਿਆਂ ਦੋਸਤਾਂ ਨੂੰ**
**ਜਿਨ੍ਹਾਂ ਸੀਟੀਆਂ ਮਾਰ ਬੁਲਾ ਲਿਆਈ**
**ਬੀਬਾ ਵੇ ਸਬਰ ਪਵੇ ਤੇਰਿਆਂ ਚਾਕਰਾਂ ਨੂੰ**
**ਜਿਨ੍ਹਾਂ ਅੱਧੀ ਰਾਤੀਂ ਘੋੜਾ ਜੋੜ ਦਿੱਤਾ ਈ**

**ਬੀਬਾ ਸਬਰ ਪਵੇ ਬੇੜੀ ਵਾਲਿਆਂ ਨੂੰ**
**ਜਿਨ੍ਹਾਂ ਪਹਿਲੜੇ ਪੂਰ ਈ ਤੋਰ ਦਿੱਤਾ ਈ**
**ਬੀਬਾ ਸਬਰ ਪਵੇ ਜੰਮੂ ਰਾਜੜੇ ਨੂੰ**
**ਜਿਨ੍ਹੇ ਜਾਂਦੇ ਦਾ ਨਾਵਾਂ ਲਾ ਲਿਆਈ**

**ਬੀਬਾ ਸਬਰ ਪਵੇ ਜੰਮੂ ਰਾਣੀਆਂ ਨੂੰ**
**ਜਿਨ੍ਹਾਂ ਮੇਰਾ ਤੇ ਲਾਲ ਭਰਮਾ ਲਿਆਈ।**

ਇਸ ਗੌਣ ਰਾਹੀਂ ਨਾਰੀ ਮਨ ਆਪਣੇ ਮਨ ਦੀ ਵੇਦਨਾ ਦਾ ਇਜ਼ਹਾਰ ਕਰਦੀ ਹੈ। ਆਪਣੀ ਸੱਸ ਕੋਲੋਂ ਪਰਦੇਸ ਜਾ ਰਹੇ ਪਤੀ ਬਾਰੇ ਪੁੱਛਾਂ ਪੁੱਛਦੀ ਹੈ ਪਰ ਸੱਸ ਦਾ ਜੁਆਬ 'ਦੰਮਾਂ ਦਾ ਲੋਭੀ ਆਪੇ ਤੁਰ ਨੀ ਗਿਆ ਰਾਹਤ ਪ੍ਰਦਾਨ ਕਰਦਾ ਹੈ। ਅਗਲੀ ਪੰਗਤੀ ਵਿਚ ਉਹ ਪਤੀ ਦੇ ਦੋਸਤਾਂ ਨੂੰ ਬੁਰਾ ਭਲਾ ਕਹਿੰਦੀ ਹੈ, ਜਿਹੜੇ ਪੈਸੇ ਦਾ ਚੇਟਕ ਦੇ ਕੇ ਉਸ ਨੂੰ ਲੈ ਜਾਂਦੇ ਹਨ। ਇਸ ਤਰ੍ਹਾਂ ਸਮੁੱਚੇ ਗੌਣ ਵਿਚ ਉਹ ਵਿਦਰੋਹ ਮੂਲਕ ਭਾਵਨਾਵਾਂ ਦਾ ਇਜ਼ਹਾਰ ਕਰਦੀ ਹੈ। ਉਹ ਉਨ੍ਹਾਂ ਸਾਰੇ ਸਾਧਨਾਂ ਦੀ ਨਿੰਦਾ ਕਰਦੀ ਹੈ ਜਿਹੜੇ ਪਤੀ ਤੇ ਪਤਨੀ ਦੇ ਵਿਯੋਗ ਵਿਚ ਪਤੀ ਦੇ ਸਹਾਇਕ ਵਜੋਂ ਭੂਮਿਕਾ ਅਦਾ ਕਰਦੇ ਹਨ। ਜਿਵੇਂ ਦੋਸਤ, ਨੌਕਰ, ਮਲਾਹ, ਰਾਜਾ, ਰਾਣੀ ਆਦਿ।

ਇਉਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਗੌਣਾਂ ਵਿਚ ਨਾਰੀ ਮਨ ਦੇ ਅਨੇਕਾਂ ਸੁਪਨਿਆਂ, ਸਰੋਕਾਰਾਂ, ਇੱਛਾਵਾਂ ਅਤੇ ਅਵੌਗਿਆਵਾਂ ਨੂੰ ਸ਼ਾਬਦਿਕ ਪੱਧਰ ਤੇ ਰੇਖਾਂਕਿਤ ਹੀ ਨਹੀਂ ਕਰਦਾ ਸਗੋਂ ਨਾਰੀ ਮਨ ਦੇ ਗਹਿਰ ਗੰਭੀਰ ਗੁੱਝੇ ਤੇ ਅਦ੍ਰਿਸ਼ਟ ਮਾਨਸਿਕ ਪਾਸਾਰਾਂ ਨੂੰ ਵੀ ਉਦਘਾਟਿਤ ਕਰਦਾ ਹੈ। ਜਿਹੜੇ ਜ਼ਿੰਦਗੀ ਦੇ ਸਭਿਆਚਾਰਕ ਦਬਾਵਾਂ ਦੇ ਫਲਸਰੂਪ ਹੋਣ ਦੀ ਪ੍ਰਕਿਰਿਆ ਵਿਚ ਨਹੀਂ ਪੈਂਦੇ। ਇਹ ਨਾਰੀ ਮਨ ਦੇ ਸਵੈ-ਸੰਵਾਦ, ਆਤਮ-ਮੰਥਨ ਦੇ ਅਖੰਡ ਪਾਸਾਰ ਹਨ।

## ਉਸਾਰੂ ਸਮਾਜ ਲਈ ਜ਼ਰੂਰੀ : ਪਤੀ ਪਤਨੀ ਦੇ ਸੁਖਾਵੇਂ ਸੰਬੰਧ



ਪ੍ਰੋ. ਪਰਮਜੀਤ ਕੌਰ ਨੂਰ

+91 985510973

ਇਕ ਆਦਰਸ਼ ਸਮਾਜ ਦੀ ਸਥਾਪਤੀ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਪ੍ਰਮੁੱਖ ਇਕਾਈ ਪਰਿਵਾਰ ਹੈ। ਔਰਤ ਅਤੇ ਮਰਦ ਪਰਿਵਾਰ ਦਾ ਬੁਨਿਆਦੀ ਧਰਾਤਲ ਅਥਵਾ ਆਧਾਰ ਹਨ ਜਿਸ ਉਪਰ ਸਮਾਜ ਉਸਰਦਾ ਹੈ ਅਤੇ ਮਾਨਵਜਾਤੀ ਵਿਚ ਵਾਧਾ ਹੁੰਦਾ ਹੈ। ਪਰਿਵਾਰ ਦਾ ਅਰਥ ਪਤੀ-ਪਤਨੀ ਅਰਥਾਤ ਦੋ ਜੀਆਂ ਤੱਕ ਹੀ ਸੀਮਤ ਨਹੀਂ ਹੈ। ਸਮਾਜ ਸ਼ਾਸਤਰੀ ਸੋਚ-ਦ੍ਰਿਸ਼ਟੀ ਦੇ ਅੰਤਰਗਤ ਇਹ ਸਮਝਿਆ ਜਾਂਦਾ ਹੈ ਕਿ ਜਿੰਨਾਂ ਚਿਰ ਪਰਿਵਾਰ ਵਿਚ ਮਾਂ-ਬਾਪ ਤੋਂ ਇਲਾਵਾ ਬੱਚੇ ਨਹੀਂ ਹਨ ਤਦ ਤੱਕ ਪਰਿਵਾਰ ਸੰਪੂਰਨ ਨਹੀਂ ਹੈ। ਇਸ ਤਰ੍ਹਾਂ ਪਰਿਵਾਰ ਸਮਾਜਕ ਸੰਸਥਾ ਦਾ ਉਹ ਸਕਿਰਿਆਤਮਕ ਰੂਪ ਜਾਂ ਸੰਗਠਨ ਹੈ ਜਿਸ ਵਿਚ ਮਾਨਵੀ, ਸਰੀਰਕ, ਮਨੋਵਿਗਿਆਨਕ, ਆਰਥਕ ਅਤੇ ਨੈਤਿਕ ਆਦਿ ਖੇਤਰਾਂ ਦੀਆਂ ਲੋੜਾਂ ਦੀ ਪੂਰਤੀ ਸਮਾਜਕ ਤੌਰ ਤੇ ਮਿਲੀ ਪਰਵਾਨਗੀ ਦੇ ਅੰਤਰਗਤ ਕੀਤੀ ਜਾਂਦੀ ਹੈ। ਭਾਵ ਇਸ ਵਿਚ ਆਪਮੁਹਾਰਾਪਨ ਨਹੀਂ ਹੁੰਦਾ।

ਪਰਿਵਾਰਕ ਗੱਡੀ ਨੂੰ ਚਲਾਉਣ ਲਈ ਪਤੀ-ਪਤਨੀ ਦੋ ਪਹੀਏ ਹਨ ਜਿਸ ਤਰ੍ਹਾਂਗੱਡੀ ਨੂੰ ਆਪਣੀ ਠੀਕ ਰਫਤਾਰ ਵਿਚ ਚਲਾਈ ਰੱਖਣ ਲਈ ਦੋਹਾਂ ਪਹੀਆਂ ਦਾ ਸਮਾਨਾਂਤਰ ਚਲਦੇ ਰਹਿਣਾ ਜ਼ਰੂਰੀ ਹੈ ਉਸੇ ਤਰ੍ਹਾਂਹੀ ਪਰਿਵਾਰਕ ਗੱਡੀ ਨੂੰ ਆਪਣੀ ਸਹੀ ਮੰਜ਼ਿਲ ਵੱਲ ਲਿਜਾਣ ਲਈ ਪਤੀ-ਪਤਨੀ ਦੋਹਾਂ ਦੇ ਸਹਿਯੋਗ ਦੀ ਬਹੁਤ ਲੋੜ ਹੁੰਦੀ ਹੈ। ਇਹ ਸਹਿਯੋਗ ਤਦ ਹੀ ਸਥਾਪਤ ਕੀਤਾ ਜਾ ਸਕਦਾ ਹੈ ਜੇਕਰ ਪਤੀ-ਪਤਨੀ ਵਿਚਕਾਰ ਸੰਬੰਧ ਸੁਖਾਵੇਂ ਹੋਣ, ਨਹੀਂ ਤਾਂ ਇਨ੍ਹਾਂ ਸੰਬੰਧਾਂ ਵਿਚ ਥੋੜ੍ਹੀ ਜਿਹੀ ਤ੍ਰੇੜ ਪੈਣ ਨਾਲ ਹੀ ਗੱਡੀ ਲੜਖੜਾ ਸਕਦੀ ਹੈ ਅਤੇ ਤਲਾਕ ਵਰਗੇ ਵੱਡੇ ਹਾਦਸੇ ਵੀ ਵਾਪਰ ਸਕਦੇ ਹਨ।

ਰਿਸ਼ਤੇ ਸਮਾਜ ਦੀ ਨੀਂਹ ਹੁੰਦੇ ਹਨ। ਜੇਕਰ ਸਮਾਜ ਇਕ ਦਰੱਖਤ ਹੈ ਤਾਂ ਰਿਸ਼ਤੇ ਉਸਦੀਆਂ ਜੜ੍ਹਾਂ ਹਨ, ਜਦੋਂ ਇਨ੍ਹਾਂ ਰਿਸ਼ਤਿਆਂ ਵਿਚ ਤਣਾਓ ਜਾਂ ਕੁੜੱਤਣ ਆ ਜਾਂਦੀ ਹੈ ਤਾਂ ਸਾਰਾ ਸਮਾਜ ਹਿੱਲ ਜਾਂਦਾ ਹੈ। ਇਨ੍ਹਾਂ ਰਿਸ਼ਤਿਆਂ ਵਿਚੋਂ ਪ੍ਰਮੁੱਖ ਰਿਸ਼ਤਾ ਪਤੀ-ਪਤਨੀ ਦਾ ਹੈ। ਜੋ ਸਿਰਫ ਭਾਰਤੀ ਪਰੰਪਰਾ ਤੇ ਸਮਾਜਕ ਰੀਤੀ ਰਿਵਾਜਾਂ ਅਨੁਸਾਰ ਚੱਲਦਾ ਹੈ ਅਤੇ ਜਿਸਦਾ ਆਧਾਰ ਆਪਸੀ ਵਿਸ਼ਵਾਸ ਹੁੰਦਾ ਹੈ। ਹਰੇਕ ਲੜਕਾ ਲੜਕੀ ਵਿਆਹ ਤੋਂ ਪਹਿਲਾਂ ਸੁਹਾਣੇ ਸੁਪਨੇ ਲੈਂਦਾ ਹੈ। ਉਹ ਅਜਿਹੇ ਜੀਵਨ ਸਾਥੀ ਦੀ ਕਲਪਨਾ ਕਰਦੇ ਹਨ ਜੋ ਉਨ੍ਹਾਂ ਦੀਆਂ ਭੌਤਿਕ, ਮਾਨਸਿਕ ਅਤੇ ਸਰੀਰਕ ਲੋੜਾਂ ਤੇ ਪੂਰਾ ਉਤਰੇ। ਪਰ ਅਜਿਹਾ ਹਮੇਸ਼ਾਂ ਨਹੀਂ ਹੁੰਦਾ। ਸੁਪਨੇ ਯਥਾਰਥ ਤੇ ਪੂਰੇ ਨਹੀਂ ਉਤਰਦੇ ਅਤੇ ਵਿਆਹ ਤੋਂ ਮਗਰੋਂ ਕਈ ਵਾਰ ਪਤੀ-ਪਤਨੀ ਦੇ ਸੁਖਾਵੇਂ ਸੰਬੰਧਾਂ ਵਿਚ ਤਰੇੜ ਪੈਣੀ ਸ਼ੁਰੂ ਹੋ ਜਾਂਦੀ ਹੈ। ਜਿਸਦੇ ਕਈ ਕਾਰਨ ਹੋ ਸਕਦੇ ਹਨ।

ਪਤੀ-ਪਤਨੀ ਦੇ ਸੁਖਾਵੇਂ ਸੰਬੰਧ ਟੁੱਟਣ ਦਾ ਮੁੱਖ ਕਾਰਨ ਆਪਸ ਵਿਚ ਵਿਸ਼ਵਾਸ ਦੀ ਘਾਟ ਅਤੇ ਸ਼ੱਕ ਦੀ ਉਤਪਤੀ ਹੈ। ਪਤੀ-ਪਤਨੀ ਜਿਹੜੇ ਕਿ ਸਮਾਜ ਦੀ ਮਹੱਤਵਪੂਰਨ ਇਕਾਈ ਪਰਿਵਾਰ ਦੇ ਉਸਰਈਏ ਹਨ, ਜਿਨ੍ਹਾਂ ਨੇ ਪਰਿਵਾਰ ਬਣਾਨਾ ਹੈ, ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਹੈ, ਉਨ੍ਹਾਂ ਨੂੰ ਪੜ੍ਹਾ ਲਿਖਾ ਕੇ ਚੰਗੀਆਂ ਕਦਰਾਂ-ਕੀਮਤਾਂ ਸਿਖਾਉਣੀਆਂ ਹਨ ਜੇ ਉਨ੍ਹਾਂ ਦੋਹਾਂ ਦਾ ਆਪਸ ਵਿਚ ਵਿਸ਼ਵਾਸ ਹੀ ਨਹੀਂ ਤਾਂ ਸੰਬੰਧ ਸੁਖਾਵੇਂ ਨਹੀਂ ਰਹਿਣਗੇ। ਜੇਕਰ ਪਤੀ ਪਤਨੀ ਦੀ ਛੋਟੀ-ਛੋਟੀ ਗੱਲ ਤੇ ਨੁਕਤਾਚੀਨੀ ਕਰਦਾ ਹੈ, ਉਸਦੀ ਹਰ ਹਰਕਤ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦਾ ਹੈ ਤਾਂ ਫਿਰ ਹੌਲੀ ਹੌਲੀ ਸਮਾਂ ਪਾ ਕੇ ਪਤਨੀ ਦਾ ਵੀ ਪਤੀ ਪ੍ਰਤੀ ਉਹ ਰਵੱਈਆ ਨਹੀਂ ਰਹਿੰਦਾ ਜੋ ਰਹਿਣਾ ਚਾਹੀਦਾ ਹੈ ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਦੋਹਾਂ ਦੇ ਸੰਬੰਧ ਸੁਖਾਵੇਂ ਨਹੀਂ ਰਹਿੰਦੇ।

ਪਰਿਵਾਰਕ ਰਿਸ਼ਤਿਆਂ ਵਿਚ ਸੁਖਾਵੇਂ ਸੰਬੰਧਾਂ ਨੂੰ ਚਣੌਤੀ ਦੇਣ ਦਾ ਇਕ ਹੋਰ ਕਾਰਨ ਔਰਤ ਦਾ ਆਰਥਕ ਤੌਰ ਤੇ ਆਤਮ ਨਿਰਭਰ ਹੋਣਾ ਹੈ। ਅੱਜ ਔਰਤ ਹਰ ਖੇਤਰ ਵਿਚ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ। ਪਰ ਸਮੱਸਿਆ ਇਹ ਹੈ ਕਿ ਇਸ ਨਾਲ ਜਿੰਨੀ ਤਬਦੀਲੀ ਔਰਤ ਦੀਆਂ ਜ਼ਿੰਮੇਵਾਰੀਆਂ ਵਿਚ ਆਈ ਹੈ ਉਤਨੀ ਤਬਦੀਲੀ ਮਰਦ ਦੀ ਸੋਚ ਵਿਚ ਨਹੀਂ ਆਈ। ਅੱਜ ਹਰ ਆਦਮੀ ਇਹ ਚਾਹੁੰਦਾ ਹੈ ਕਿ ਉਸਦੀ ਪਤਨੀ ਪੜ੍ਹੀ ਲਿਖੀ ਹੋਵੇ, ਨੌਕਰੀ ਵਾਲੀ ਹੋਵੇ ਪਰੰਤੂ ਇਸ ਦੇ ਨਾਲ ਉਹ ਪਤਨੀ ਦੀਆਂ ਜ਼ਿੰਮੇਵਾਰੀਆਂ ਵਿਚ ਹੱਥ ਵਟਾਉਣ ਲਈ ਤਿਆਰ ਨਹੀਂ। ਇਸ ਤਰ੍ਹਾਂਨੌਕਰੀ ਕਰਨ ਨਾਲ ਔਰਤ ਆਤਮ ਨਿਰਭਰ ਤਾਂ ਹੋ ਗਈ ਪਰੰਤੂ ਇਹ ਆਤਮ ਨਿਰਭਰਤਾ ਉਸ ਨੂੰ ਮਹਿੰਗੀ ਪੈਂਦੀ ਹੈ। ਸਮੇਂ ਦੀ ਘਾਟ ਕਰਕੇ ਉਹ ਕਈ ਵਾਰੀ ਆਪਣੀਆਂ ਘਰੇ ਜ਼ਿੰਮੇਵਾਰੀਆਂ ਪੂਰੀ ਤਰ੍ਹਾਂਨਹੀਂ ਨਿਭਾ ਸਕਦੀ, ਬੱਚਿਆਂ ਨੂੰ ਵੀ ਉਹ ਪੂਰਾ ਪਿਆਰ ਦੇਣ ਤੋਂ ਅਸਮਰਥ ਰਹਿੰਦੀ ਹੈ ਅਤੇ ਇਸ ਦੇ ਨਾਲ ਹੀ ਕਈ ਵਾਰੀ ਕੰਮ ਵਿਚ ਕੁਤਾਹੀ ਹੋਣ ਤੇ ਬਾਸ ਦੀਆਂ ਝਿੜਕਾਂ ਦਾ ਸ਼ਿਕਾਰ ਵੀ ਉਸ ਨੂੰ ਹੋਣਾ ਪੈਂਦਾ ਹੈ। ਇਹ ਸਭ ਕਾਰਨ ਮਿਲ ਕੇ ਪਤੀ-ਪਤਨੀ ਵਿਚਲੇ ਸੰਬੰਧਾਂ ਨੂੰ ਸੁਖਾਵੇਂ ਨਹੀਂ ਰਹਿਣ ਦਿੰਦੇ।

ਕਈ ਵਾਰੀ ਮਾਤਾ ਪਿਤਾ ਦੀ ਬੇਲੋੜੀ ਦਖਲ-ਅੰਦਾਜ਼ੀ ਵੀ ਸੁਖਾਵੇਂ ਸੰਬੰਧਾਂ ਦੇ ਰਸਤੇ ਵਿਚ ਰੁਕਾਵਟ ਬਣ ਜਾਂਦੀ ਹੈ, ਇਹ ਦਖਲ-ਅੰਦਾਜ਼ੀ ਭਾਂਵੇ ਪਤਨੀ ਦੇ ਮਾਤਾ-ਪਿਤਾ ਦੀ ਹੋਵੇ ਅਤੇ ਭਾਵੇ ਪਤੀ ਦੇ ਮਾਤਾ ਪਿਤਾ

ਦੀ। ਕਈ ਵਾਰੀ ਵੇਖਣ ਵਿਚ ਆਉਂਦਾ ਹੈ ਕਿ ਲੜਕੀ ਦੇ ਮਾਤਾ-ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਲਾਡਾਂ ਨਾਲ ਪਾਲੀ ਧੀ ਆਪਣੇ ਘਰ ਸੁਖੀ ਜੀਵਨ ਬਤੀਤ ਕਰੇ। ਉਸ ਵਾਸਤੇ ਉਹ ਕਈ ਵਾਰੀ ਆਪਣੇ ਜੁਆਈ ਨੂੰ ਬੇਲੋੜੀਆਂ ਨਸੀਹਤਾਂ ਦੇਣ ਲਗ ਪੈਂਦੇ ਹਨ। ਦੂਸਰੇ ਪਾਸੇ ਕੁਝ ਲੜਕੀਆਂ ਵੀ ਆਪਣੇ ਸਹੁਰੇ ਘਰ ਦੀ ਹਰੇਕ ਗੱਲ ਪੇਕੇ ਦਸ ਕੇ ਆਪਣੇ ਮਾਤਾ-ਪਿਤਾ ਦੀ ਬੇਲੋੜੀ ਦਖਲ-ਅੰਦਾਜ਼ੀ ਕਰਵਾਂਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂਹੀ ਬਹੁਤੀ ਵਾਰੀ ਲੜਕੇ ਦੇ ਮਾਤਾ-ਪਿਤਾ ਆਪਣੀ ਜਵਾਨੀ ਦੇ ਦਿਨਾਂ ਨੂੰ ਭੁਲਾ ਕੇ ਦੰਪਤੀ ਜੀਵਨ ਵਿਚ ਬੇਲੋੜੀ ਦਖਲ-ਅੰਦਾਜ਼ੀ ਕਰਦੇ ਹਨ, ਜਿਸ ਨੂੰ ਉਨ੍ਹਾਂ ਦਾ ਪੁੱਤ ਤਾਂ ਸਹਿ ਲੈਂਦਾ ਹੈ ਪਰੰਤੂ ਨੂੰਹ ਲਈ ਅਜਿਹੀ ਦਖਲ-ਅੰਦਾਜ਼ੀ ਸਹਿਨੀ ਕਦੇ ਕਦੇ ਮੁਸ਼ਕਿਲ ਹੋ ਜਾਂਦੀ ਹੈ।

ਦੰਪਤੀ ਜੀਵਨ ਦੇ ਸੁਖਾਵੇਂ ਸੰਬੰਧਾਂ ਵਿਚ ਤਰੇੜ ਕਈ ਵਾਰੀ ਅੱਜ ਦੀ ਪਦਾਰਥਵਾਦੀ ਸੋਚ ਕਰਕੇ ਵੀ ਪੈ ਜਾਂਦੀ ਹੈ। ਪਤਨੀ ਚਾਹੁੰਦੀ ਹੈ ਕਿ ਉਹ ਵੀ ਹੋਰਨਾਂ ਦੀ ਵੇਖਾ ਵੇਖੀ ਆਪਣੇ ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿਚ ਪੜ੍ਹਨ ਲਈ ਭੇਜੇ, ਉਸ ਕੋਲ ਵੀ ਚੰਗਾ ਘਰ, ਚੰਗਾ ਫਰਨੀਚਰ ਅਤੇ ਜੀਵਨ ਦੀਆਂ ਹੋਰ ਸਭ ਸੁੱਖ ਸਹੂਲਤਾਂ ਵੀ ਹੋਣ। ਪਰੰਤੂ ਪਤੀ ਦੇ ਸੀਮਤ ਆਰਥਕ ਸਾਧਨਾਂ ਕਰਕੇ ਇਹ ਸਭ ਕੁਝ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ। ਜਿਸ ਦੇ ਨਤੀਜੇ ਵਜੋਂ ਪਤੀ-ਪਤਨੀ ਦਾ ਅਕਸਰ ਛੋਟੀ ਛੋਟੀ ਗੱਲ ਤੇ ਘਰ ਵਿਚ ਝਗੜਾ ਚੱਲਦਾ ਰਹਿੰਦਾ ਹੈ। ਜੋ ਸੰਬੰਧਾਂ ਨੂੰ ਸੁਖਾਵੇਂ ਨਹੀਂ ਰਹਿਣ ਦਿੰਦਾ।

ਪਤੀ ਦੀ ਨਸ਼ਿਆਂ ਦੀ ਆਦਤ ਵੀ ਦੋਹਾਂ ਦੇ ਸੁਖਾਵੇਂ ਸੰਬੰਧਾਂ ਲਈ ਘਾਤਕ ਸਿੱਧ ਹੁੰਦੀ ਹੈ। ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜਦੋਂ ਪਤੀ ਨਸ਼ਾ ਕਰਕੇ ਘਰ ਆਉਂਦਾ ਹੈ ਤਾਂ ਉਸ ਕੋਲ ਪਤਨੀ ਦੀਆਂ ਭਾਵਨਾਂਵਾਂ ਨੂੰ ਸਮਝਣ ਲਈ ਦਿਮਾਗ ਹੀ ਨਹੀਂ ਰਹਿੰਦਾ। ਨਸ਼ੇ ਦੇ ਗ਼ੁਲਾਮ ਪਤੀ ਦੀ ਪਤਨੀ ਮਾਨਸਿਕ ਅਤੇ ਸਰੀਰਕ ਦੋਹਾਂ ਰੂਪਾਂ ਵਿਚ ਅਸੰਤੁਸ਼ਟ ਰਹਿੰਦੀ ਹੈ। ਨਸ਼ਿਆਂ ਕਾਰਨ ਖਰਚਾ ਵੱਧ ਜਾਂਦਾ ਹੈ, ਆਮਦਨ ਘੱਟ ਜਾਂਦੀ ਹੈ ਅਤੇ ਕਈ ਵਾਰੀ ਹਾਲਾਤ ਇਥੋਂ ਤਕ ਪਹੁੰਚ ਜਾਂਦੇ ਹਨ ਕਿ ਪਰਿਵਾਰ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਵੀ ਔਖੀਆਂ ਹੋ ਜਾਂਦੀਆਂ ਹਨ। ਇਸ ਤਰ੍ਹਾਂਨਸ਼ਿਆਂ ਦਾ ਸੇਵਨ ਜਿਥੇ ਪਤੀ ਪਤਨੀ ਦੇ ਸੁਖਾਵੇਂ ਸੰਬੰਧਾਂ ਨੂੰ ਵਿਗਾੜਦਾ ਹੈ ਉਥੇ ਪਰਿਵਾਰ ਦੀਆਂ ਖੁਸ਼ੀਆਂ ਵੀ ਖੋਹ ਲੈਂਦਾ ਹੈ। ਇਸ ਦੇ ਨਾਲ ਹੀ ਮਰਦ ਪ੍ਰਧਾਨ ਸਮਾਜ ਵਿਚ ਮਰਦ ਦਾ ਹੰਕਾਰ ਜਾਂ ਹਉਮੇ ਵੀ ਕਈ ਵਾਰੀ ਸੁਖਾਵੇਂ ਸੰਬੰਧਾਂ 'ਚ ਵਿਗਾੜ ਪੈਦਾ ਕਰ ਦਿੰਦਾ ਹੈ। ਕੁਝ ਆਦਮੀ ਇਹ ਸਮਝਦੇ ਹਨ ਕਿ ਔਰਤ ਦਾ ਦਰਜਾ ਮਰਦ ਨਾਲੋਂ ਘਟੀਆ ਹੈ, ਔਰਤ ਤਾਂ ਮਰਦ ਦੀਆਂ ਇਛਾਵਾਂ ਦੀ ਪੂਰਤੀ ਕਰਨ ਵਾਲੀ ਹੀ ਹੈ। ਜਿਸ ਨਾਲ ਕਈ ਵਾਰੀ ਪਤੀ ਪਤਨੀ ਦੀਆਂ ਭਾਵਨਾਵਾਂ ਨੂੰ ਅਣਗੌਲਿਆ ਕਰਕੇ , ਆਪਣੀ ਗਲਤ ਗੱਲ ਨੂੰ ਠੀਕ ਸਾਬਤ ਕਰਕੇ,ਪਰਿਵਾਰ ਤੇ ਠੋਸਣ ਦੀ ਕੋਸ਼ਿਸ਼ ਕਰਦੇ ਹਨ। ਜਿਸ ਨਾਲ ਪਰਿਵਾਰ 'ਚ ਤਣਾਓ ਵੱਧਦਾ ਹੈ ਤੇ ਪਤਨੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਤੀ-ਪਤਨੀ ਵਿਚਾਲੇ ਸੁਖਾਵੇਂ ਸੰਬੰਧਾਂ ਨੂੰ ਕਿਵੇਂ ਕਾਇਮ ਰੱਖਿਆ ਜਾਵੇ। ਜ਼ਿੰਦਗੀ ਦਾ ਦੂਜਾ ਨਾਮ ਸਮਝੌਤਾ ਹੈ। ਜੋ ਸਮਝੌਤਾ ਨਹੀਂ ਕਰਦੇ ਉਹ ਟੁੱਟ ਜਾਂਦੇ ਹਨ। ਪਰਿਵਾਰਕ ਜੀਵਨ ਦੀ ਖੁਸ਼ੀ ਸਮਝੌਤੇ ਤੇ ਹੀ ਨਿਰਭਰ ਕਰਦੀ ਹੈ। ਸੋ ਸਾਨੂੰ ਆਪਣੇ ਜੀਵਨ ਸਾਥੀ ਦੀਆਂ ਕੁਝ ਖਾਮੀਆਂ ਨਾਲ ਵੀ ਸਮਝੌਤਾ ਕਰਨਾ ਪੈ ਸਕਦਾ ਹੈ। ਇਕ ਦੂਜੇ ਦੀਆਂ ਖਾਮੀਆਂ ਨੂੰ ਨਫਰਤ ਨਾਲ ਨਹੀਂ ਵੇਖਣਾ ਚਾਹੀਦਾ, ਸਗੋਂ ਸੋਚਣਾ ਚਾਹੀਦਾ ਹੈ ਕਿ ਇਨ੍ਹਾਂ ਖਾਮੀਆਂ ਨੂੰ ਕਿਵੇਂ ਦੂਰ ਕੀਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇ ਤੁਹਾਡੇ ਜੀਵਨ ਸਾਥੀ ਨੂੰ ਸਿਗਰਟ-ਨੋਸ਼ੀ ਜਾਂ ਸ਼ਰਾਬ ਦੀ ਆਦਤ ਹੈ ਤਾਂ ਪਤੀ ਨੂੰ ਅਜਿਹੇ ਦੋਸਤਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਨਸ਼ਿਆਂ ਦੇ ਗੁਲਾਮ ਹਨ। ਪਤੀ ਨੂੰ ਅਜਿਹਾ ਸਾਹਿਤ ਪੜ੍ਹਨ ਨੂੰ ਦੇਣਾ ਚਾਹੀਦਾ ਹੈ ਜੋ ਨਸ਼ਿਆਂ ਦੇ ਮਾਰੂ ਸਿਟਿਆਂ ਦਾ ਬਿਆਨ ਕਰੇ। ਅਜਿਹੇ ਧਾਰਮਿਕ ਵਿਅਕਤੀ ਜਾਂ ਡਾਕਟਰ ਤੋਂ ਉਪਦੇਸ਼ ਦਿਵਾਉਣਾ ਚਾਹੀਦਾ ਹੈ ਜਿਸਦੀ ਤੁਹਾਡਾ ਪਤੀ ਇਜ਼ਤ ਕਰਦਾ ਹੋਵੇ। ਤੁਹਾਡਾ ਜੀਵਨ ਸਾਥੀ ਤੁਹਾਡਾ ਹੈ ਉਸਦੀ ਦੂਜਿਆਂ ਸਾਹਮਣੇ ਨੁਕਤਾਚੀਨੀ ਨਾ ਕਰੋ। ਅਜਿਹਾ ਕਰਕੇ ਤੁਸੀਂ ਆਪਣੀ ਹਉਮੇ ਨੂੰ ਸੰਤੁਸ਼ਟ ਭਾਵੇਂ ਕਰ ਲਵੋਗੇ ਪਰ ਆਪਣੇ ਸ਼ਾਂਤ ਪਰਿਵਾਰਕ ਮਹੌਲ ਨੂੰ ਅਜਿਹਾ ਕਰਕੇ ਅਸ਼ਾਂਤ ਕਰ ਬੈਠੋਗੇ।

ਪਰਿਵਾਰ ਵਿਚ ਸੁਖਾਵੇਂ ਸੰਬੰਧ ਬਣਾਉਣ ਲਈ ਪਤੀ-ਪਤਨੀ ਨੂੰ ਇਕ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਦੋਹਾਂ ਨੂੰ ਇਕ ਦੂਸਰੇ ਦੀ ਪਸੰਦ ਨਾ-ਪਸੰਦ ਦਾ ਖਿਆਲ ਰੱਖਣਾ ਚਾਹੀਦਾ ਹੈ। ਕਦੀ ਵੀ ਪਰਿਵਾਰ ਵਿਚ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ। ਪਰਿਵਾਰ ਦੇ ਬਾਕੀ ਮੈਂਬਰਾਂ ਦੀ ਵੀ ਉਚਿਤ ਰਾਇ ਨੂੰ ਕਬੂਲ ਕਰਨਾ ਚਾਹੀਦਾ ਹੈ। ਪਤੀ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਹੀ ਪਰਿਵਾਰ ਵਿਚ ਸਭ ਕੁਝ ਹੈ ਅਤੇ ਬਾਕੀ ਮੈਂਬਰਾਂ ਦੀ ਹੋਂਦ ਉਸਤੇ ਹੀ ਨਿਰਭਰ ਕਰਦੀ ਹੈ, ਸਗੋਂ ਉਸ ਨੂੰ ਹਰ ਮੈਂਬਰ ਨੂੰ ਉਚਿਤ ਜਗ੍ਹਾ ਤੇ ਰੱਖ ਕੇ ਪਿਆਰ ਤੇ ਸਤਿਕਾਰ ਕਰਨਾ ਚਾਹੀਦਾ ਹੈ। ਘਰ ਵਿਚ ਸੁਖਾਵਾਂ ਪਰਿਵਾਰਕ ਮਹੌਲ ਬਣਾਈ ਰੱਖਣ ਲਈ ਪਤੀ-ਪਤਨੀ ਨੂੰ ਆਪਣੇ ਬਜ਼ੁਰਗਾਂ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਭਾਵੇਂ ਸਾਡਾ ਦ੍ਰਿਸ਼ਟੀਕੋਣ ਵੱਖ ਵੱਖ ਮਸਲਿਆਂ ਤੇ ਆਪਣੇ ਬਜ਼ੁਰਗਾਂ ਨਾਲੋਂ ਭਿੰਨ ਹੋ ਸਕਦਾ ਹੈ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਅਸੀਂ ਉਨ੍ਹਾਂ ਦੀ ਦਲੀਲ ਹੀ ਨਾ ਸੁਣੀਏ। ਦੋਹਾਂ ਧਿਰਾਂ

ਨੂੰ ਇਕ ਦੂਜੇ ਦੇ ਮਾਤਾ-ਪਿਤਾ ਦਾ ਉਚਿਤ ਮਾਨ ਤੇ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਸਾਡੇ ਵਿਚ ਆਪਣੇ ਬਜ਼ੁਰਗਾਂ ਦੀ ਸੇਵਾ, ਮਾਨ ਤੇ ਸਤਿਕਾਰ ਕਰਨ ਜਿਹੇ ਸੰਸਕਾਰ ਹੋਣਗੇ ਤਾਂ ਸਾਡੇ ਬੱਚੇ ਵੀ ਅੱਗੋਂ ਅਜਿਹੇ ਸੰਸਕਾਰ ਸਾਡੇ ਕੋਲੋਂ ਗ੍ਰਹਿਣ ਕਰਨਗੇ, ਜਿਸ ਨਾਲ ਸਾਡਾ ਭਵਿੱਖ ਵੀ ਸੁਰੱਖਿਅਤ ਹੋ ਸਕਦਾ ਹੈ।

ਦੰਪਤੀ ਜੀਵਨ ਵਿਚ ਸੁਖਾਵੇਂ ਸੰਬੰਧ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਪਰਿਵਾਰ ਦਾ ਹਰ ਮੈਂਬਰ ਜਿਥੋਂ ਤੱਕ ਹੋ ਸਕੇ ਆਤਮ-ਨਿਰਭਰ ਹੋਵੇ। ਉਦਾਹਰਣ ਦੇ ਤੌਰ ਤੇ ਪਤੀ ਨੂੰ ਆਪਣੀਆਂ ਛੋਟੀਆਂ ਮੋਟੀਆਂ ਲੋੜਾਂ ਆਪ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂਹੀ ਬੱਚਿਆਂ ਨੂੰ ਆਪਣੀਆਂ ਕਿਤਾਬਾਂ, ਕੱਪੜਿਆਂ, ਜੁੱਤੀਆਂ ਦੀ ਖੁੱਦ ਸੰਭਾਲ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਪਰਿਵਾਰ ਵਿਚੋਂ ਤਣਾਅ ਹੀ ਨਹੀਂ ਘਟੇਗਾ ਸਗੋਂ ਜ਼ਿੰਦਗੀ ਵੀ ਖੁਸ਼ਹਾਲ ਬਣ ਜਾਵੇਗੀ।

ਪਤੀ-ਪਤਨੀ ਵਿਚ ਸੁਖਾਵੇਂ ਸੰਬੰਧ ਬਣਾਈ ਰੱਖਣ ਲਈ ਇਹ ਵੀ ਜ਼ਰੂਰੀ ਹੈ ਕਿ ਦੋਹਾਂ ਧਿਰਾਂ ਵਿਚ ਪਿਆਰ ਕੁਰਬਾਨੀ ਤੇ ਸਹਿਨਸ਼ੀਲਤਾ ਦੀ ਭਾਵਨਾ ਹੋਵੇ ਤਾਂ ਹੀ ਪਰਿਵਾਰ ਤੇ ਸਮਾਜ ਖੁਸ਼ਹਾਲ ਬਣ ਸਕਦਾ ਹੈ। ਇਸਦੇ ਨਾਲ ਹੀ ਛੋਟੀਆਂ-ਮੋਟੀਆਂ ਗ਼ਲਤ ਫਹਿਮੀਆਂ ਨੂੰ ਤਿਆਗ ਕੇ ਦੋਹਾਂ ਨੂੰ ਇਕ ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਲੋੜ ਪੈਣ ਤੇ ਸਮਝੌਤਾਵਾਦੀ ਰੁਚੀ ਅਪਣਾਉਣੀ ਚਾਹੀਦੀ ਹੈ। ਪਤੀ-ਪਤਨੀ ਵਿਚਕਾਰ ਕੀਤਾ ਸਮਝੌਤਾ ਇਕ ਪਾਸੜ ਸਗੋਂ ਦੋ-ਪਾਸੜ ਹੁੰਦਾ ਹੈ। ਥੋੜ੍ਹਾ ਪਤੀ ਨੂੰ ਤੇ ਥੋੜ੍ਹਾ ਪਤਨੀ ਨੂੰ ਝੁਕਣਾ ਚਾਹੀਦਾ ਹੈ ਤਾਂ ਹੀ ਜੀਵਨ ਦੀ ਇਹ ਗੱਡੀ ਸੁਖਾਵੇਂ ਰੂਪ ਵਿਚ ਚੱਲ ਸਕਦੀ ਹੈ। ਸਾਡੇ ਇਤਿਹਾਸ ਵਿਚ ਅਨੇਕਾਂ ਉਦਾਹਰਣਾਂ ਮਿਲ ਜਾਂਦੀਆਂ ਹਨ ਕਿ ਸੁਘੜ ਪਤਨੀ ਨੇ ਕਿਵੇਂ ਆਪਣੇ ਕੁਰਾਹੇ ਪਏ ਪਤੀ ਨੂੰ ਵਿਦਵਾਨ ਬਣਾ ਦਿੱਤਾ। ਠੀਕ ਇਸੇ ਤਰ੍ਹਾਂਹੀ ਪਤੀ ਨੂੰ ਵੀ ਪਤਨੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਹ ਉਸਨੂੰ ਆਪਣੀ ਜੀਵਨ ਸਾਥਣ ਸਮਝੇ ਨਾ ਕਿ ਗ਼ੁਲਾਮ। ਪਰਿਵਾਰਕ ਫੈਸਲੇ ਲੈਣ ਸਮੇ ਪਤਨੀ ਨੂੰ ਵਿਸ਼ਵਾਸ ਵਿਚ ਲਿਆ ਜਾਵੇ।

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਦੇਸ਼ ਕੌਮ ਅਤੇ ਸਮਾਜ ਦੀ ਉਨਤੀ ਲਈ ਪਤੀ-ਪਤਨੀ ਵਿਚਕਾਰ ਸੁਖਾਵੇਂ ਸੰਬੰਧਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਸੁਖਾਵੇਂ ਸੰਬੰਧ ਬਣਾਈ ਰੱਖਣ ਲਈ ਪਤੀ-ਪਤਨੀ ਨੂੰ ਪਿਆਰ, ਵਿਸ਼ਵਾਸ, ਕੁਰਬਾਨੀ ਤੇ ਸਹਿਨਸ਼ੀਲਤਾ ਦੀ ਭਾਵਨਾ ਪੈਦਾ ਕਰਕੇ, ਛੋਟੀਆਂ ਮੋਟੀਆਂ ਗਲਾਂ ਜਿਹੜੀਆਂ ਸੁਖਾਵੇਂ ਸੰਬੰਧਾਂ ਦੇ ਰਾਹ ਵਿਚ ਰੋੜਾ ਬਣਦੀਆਂ ਹਨ, ਨੂੰ ਤਿਆਗ ਕੇ ਸਮਝੌਤਾਵਾਦੀ ਰੁਚੀ ਅਪਣਾਉਣੀ ਚਾਹੀਦੀ ਹੈ, ਇਸੇ ਵਿਚ ਹੀ ਦੇਸ਼, ਕੌਮ ,ਉਸਾਰੂ ਸਮਾਜ ਅਤੇ ਪਰਿਵਾਰ ਦਾ ਭਲਾ ਹੈ।



## ਧਰਮ ਅਤੇ ਨੈਤਿਕਤਾ

ਡਾ. ਸਤਵਿੰਦਰ ਸਿੰਘ

+91 97790 25141

ਧਰਮ ਅਤੇ ਨੈਤਿਕਤਾ ਦਾ ਮੇਲ ਮੁੱਢ ਤੋਂ ਹੀ ਹੈ। ਹਰ ਧਰਮ ਅਨੁਸਾਰ ਨੈਤਿਕਤਾ ਜੀਵਨ ਦਾ ਇਕ ਬਹੁਤ ਹੀ ਜ਼ਰੂਰੀ ਅੰਗ ਹੈ। ਜੀਵਨ ਨੂੰ ਵਧੀਆ (ਚੰਗੇ) ਢੰਗ ਨਾਲ ਜਿਊਣ ਅਤੇ ਇਸ ਦੁਆਰਾ ਸੱਚ ਦੀ ਪਛਾਣ ਦਾ ਨਾਂ ਧਰਮ ਹੈ। ਧਰਮ ਜੀਵਨ ਜਾਚ ਸਿਖਾਉਂਦਾ ਹੈ, ਸੱਚਾ ਸੁੱਚਾ ਜੀਵਨ ਤਾਂ ਹੀ ਹੈ ਜੇ ਆਚਰਣ ਉੱਚਾ ਹੈ। ਨੈਤਿਕਤਾ ਚੰਗੇ ਜੀਵਨ ਦੀ ਨੀਂਹ ਹੈ। ਮਨੁੱਖ ਦੇ ਮਨੁੱਖ ਨਾਲ ਚੰਗੇ ਵਰਤਾਓ ਨੂੰ ਨੈਤਿਕਤਾ/ਇਖਲਾਕ/ਸਦਾਚਾਰ ਦਾ ਨਾਂ ਦਿੱਤਾ ਜਾ ਸਕਦਾ ਹੈ। ਭਗਤੀ ਤੇ ਨੈਤਿਕਤਾ ਦਾ ਸੁਮੇਲ ਧਰਮ ਹੈ। ਇਸ ਲਈ ਭਗਤੀ ਨੂੰ ਧਰਮ ਨਹੀਂ ਆਖਿਆ ਜਾ ਸਕਦਾ। ਧਰਮ ਸਾਡੇ ਸਮਾਜਿਕ ਜੀਵਨ ਦੇ ਨਿਯਮਾਂ ਦਾ ਜਨਮਦਾਤਾ ਹੈ, ਬੁਨਿਆਦ ਹੈ। ਨੈਤਿਕਤਾ ਇਸ ਦਾ ਜ਼ਰੂਰੀ, ਅਟੁੱਟ ਅਤੇ ਅਨਿੱਖੜਵਾਂ ਅੰਗ ਹੈ। ਜੋ ਮਨੁੱਖ ਧਰਮ ਤੇ ਨਿਸ਼ਚਾ ਰੱਖਦਾ ਹੈ, ਧਰਮ ਦਾ ਧਾਰਨੀ ਹੈ ਅਤੇ ਧਰਮ ਅਨੁਸਾਰ ਪਵਿੱਤਰ ਅਤੇ ਅਮਲੀ ਜੀਵਨ ਬਤੀਤ ਕਰਦਾ ਹੈ, ਉਹ ਸੁਤੇ-ਸਿਧ ਹੀ ਨੈਤਿਕ ਜੀਵਨ ਦਾ ਧਾਰਨੀ ਬਣ ਜਾਂਦਾ ਹੈ। ਧਰਮ ਦੀ ਸੂਝ ਤੇ ਵਰਤੋਂ ਨਾਲ ਹੀ ਇਖ਼ਲਾਕ ਬਣਦਾ ਹੈ। ਇਕ ਇਖ਼ਲਾਕੀ ਹੀ ਧਰਮੀ ਹੋ ਸਕਦਾ ਹੈ।
ਨੈਤਿਕਤਾ ਦੇ ਲੱਛਣ ਕੁਝ ਵੀ ਹੋਣ, ਪਰ ਇਸ ਦੀ ਨੀਂਹ ਧਰਮ 'ਤੇ ਹੀ ਅਧਾਰਿਤ ਹੈ। ਇਸੇ ਤਰ੍ਹਾਂ ਧਰਮ ਦੀ ਤਾਰੀਫ ਕੁਝ ਵੀ ਕਰੋ, ਨੈਤਿਕਤਾ ਇਸ ਦਾ ਜ਼ਰੂਰੀ ਅੰਗ ਹੈ। ਹਰੇਕ ਵਿਅਕਤੀ ਦੇ ਆਪਣੇ ਜੀਵਨ ਪ੍ਰਤੀ ਕੁਝ ਫ਼ਰਜ਼ ਹੁੰਦੇ ਹਨ। ਜਿਹੜੇ ਆਪਣੇ ਫਰਜ਼ ਦੀ ਪਛਾਣ ਨਹੀਂ ਕਰਦੇ, ਆਪਣੇ ਜੀਵਨ ਨੂੰ ਕੇਵਲ ਨਿੱਜੀ ਅਤੇ ਸੁਆਰਥੀ ਜੀਵਨ ਸਮਝ ਕੇ ਹੀ ਬਤੀਤ ਕਰਨ ਦਾ ਉਦੇਸ਼ ਸਮਝਦੇ ਹਨ, ਉਹ ਸਮਾਜ ਦੀ ਉਨਤੀ ਤੇ ਭਲਾਈ ਵਿਚ ਰੁਕਾਵਟ ਤਾਂ ਬਣਦੇ ਹੀ ਹਨ, ਨਾਲ ਹੀ ਮਨੁੱਖਤਾ ਦੇ ਸੁਧਾਰ ਲਈ ਵੀ ਔਕੜਾਂ ਖੜ੍ਹੀਆਂ ਕਰਦੇ ਹਨ। ਜਿਹੜਾ ਮਨੁੱਖ ਇਹ ਸਮਝਦਾ ਹੈ ਕਿ ਉਸ ਨੂੰ ਸਭ ਸੂਝ ਅਤੇ ਅਕਲ ਹੈ ਭਾਵ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਹੈ, ਇਹ ਸਮਝਦਾ ਹੈ ਕਿ ਉਹ ਚੰਗੇ-ਮੰਦੇ ਦਾ ਫੈਸਲਾ ਕਰ ਸਕਦਾ ਹੈ, ਉਸਨੇ ਆਪਣਾ ਕਲਿਆਣ ਤਾਂ ਕੀ ਕਰਨਾ

ਹੈ, ਸਗੋਂ ਉਹ ਤਾਂ ਦੂਜਿਆਂ ਦੀ ਉਨਤੀ ਵਿਚ ਵੀ ਅੜਚਣ (ਅੜਿੱਕਾ) ਬਣਦਾ ਹੈ।

ਸਮਾਜ ਵਿਚ ਦੋ ਪ੍ਰਕਾਰ ਦੇ ਮਨੁੱਖ ਹੁੰਦੇ ਹੈ- ਚੰਗੇ ਤੇ ਮੰਦੇ, ਪਾਪੀ ਤੇ ਪੁੰਨੀ। ਇਕੱਲਾ ਮਨੁੱਖ ਪਾਪੀ ਤੇ ਪੁੰਨੀ ਨਹੀਂ ਹੋ ਸਕਦਾ। ਜੇ ਕੋਈ ਮਨੁੱਖ ਕਿਸੇ ਸੁੰਨਸਾਨ (ਅਜਿਹੀ ਜਗ੍ਹਾ ਜਿਥੇ ਕੋਈ ਹੋਰ ਮਨੁੱਖ ਨਹੀਂ ਰਹਿੰਦਾ) ਥਾਂ 'ਤੇ ਜਾ ਕੇ ਰਹਿਣ ਲੱਗ ਜਾਵੇ ਤਾਂ ਉਸ ਦੇ ਆਚਰਣ 'ਤੇ ਕਿਸੇ ਹੋਰ ਦਾ ਕੋਈ ਪ੍ਰਭਾਵ ਨਹੀਂ ਪਵੇਗਾ ਤੇ ਨਾ ਹੀ ਉਸ ਦੇ ਆਚਰਣ ਦਾ ਕਿਸੇ ਹੋਰ ਦੇ ਆਚਰਣ 'ਤੇ ਪ੍ਰਭਾਵ ਪਵੇਗਾ। ਅਜਿਹੀ ਹਾਲਤ ਵਿਚ ਮਨੁੱਖ ਸਿਆਣਾ ਜਾਂ ਮੂਰਖ ਤਾਂ ਅਖਵਾ ਸਕਦਾ ਹੈ, ਚੰਗੇ ਜਾਂ ਮੰਦੇ ਆਚਰਣ ਵਾਲਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਪਵਿੱਤਰ-ਅਪਵਿੱਤਰ ਜੀਵਨ ਲਈ, ਨੇਕੀ-ਬਦੀ ਲਈ ਹੋਰਾਂ ਨਾਲ ਸਬੰਧ ਜ਼ਰੂਰੀ ਹਨ।

ਸੱਚ ਬੋਲਣਾ ਚੰਗਾ ਗੁਣ ਹੈ ਅਤੇ ਝੂਠ ਇਕ ਭੈੜੀ ਆਦਤ। ਪਰਉਪਕਾਰ ਕਰਨਾ ਚਗਿਆਈ ਹੈ ਅਤੇ ਚੋਰੀ ਕਰਨਾ ਮਾੜਾ ਕੰਮ। ਪਰ ਜੇ ਮਨੁੱਖ ਇਕੱਲਾ ਹੀ ਸਮਾਜਹੀਣ ਰਹਿ ਰਿਹਾ ਹੈ ਤਾਂ ਉਹ ਕਿਸ ਨਾਲ ਸੱਚ ਜਾਂ ਝੂਠ ਬੋਲੇਗਾ, ਕਿਸ ਲਈ ਪਰਉਪਕਾਰ ਕਰੇਗਾ ਜਾਂ ਕਿਸ ਦੀ ਚੋਰੀ ਕਰੇਗਾ?

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਨੈਤਿਕਤਾ ਸਬੰਧਕ ਗੁਣ ਹੈ, ਇਸ ਲਈ ਕਿਸੇ ਦੀ ਹੋਂਦ ਜ਼ਰੂਰੀ ਹੈ। ਇਕ ਇਕੱਲੇ ਨਾਲ ਚੰਗੇ-ਮੰਦੇ ਸਬੰਧ ਜੋੜਨੇ ਮੁਸ਼ਕਲ ਹਨ। 'ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ' ਇਹ ਵਿਚਾਰ ਨੈਤਿਕਤਾ ਦੀ ਜੜ੍ਹ ਹਨ। ਮਨੁੱਖ ਨੂੰ ਇਸ ਦੀ ਸੂਝ ਧਰਮ ਹੀ ਸਿਖਾਉਂਦਾ ਹੈ। ਅਕਲ ਤਾਂ ਹਰ ਕੋਈ ਵਰਤ ਸਕਦਾ ਹੈ ਪਰ ਅਕਲ ਨੂੰ ਕਿਹੜੀ ਕਸਵੱਟੀ 'ਤੇ ਵਰਤਣਾ ਹੈ? ਇਸ ਦੇ ਲਈ ਨਿਯਮ ਧਰਮ ਹੀ ਘੜਦਾ ਹੈ। ਚੰਗੇ-ਮੰਦੇ ਅਤੇ ਨੇਕੀ-ਬਦੀ ਦਾ ਨਿਰਣਾ ਧਰਮ ਹੀ ਕਰਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਇੰਝ ਵੀ ਆਖ ਸਕਦੇ ਹਾਂ ਕਿ ਧਰਮ ਦਾ ਅਮਲੀ ਰੂਪ ਨੈਤਿਕਤਾ ਹੈ।

ਚੰਗੇ ਤੇ ਨੈਤਿਕ ਮਨੁੱਖ ਚੰਗਾ ਸਮਾਜ, ਚੰਗਾ ਪੰਥ ਤੇ ਚੰਗੀ ਕੌਮ ਬਣਾਉਂਦੇ ਹਨ। ਨੈਤਿਕਤਾਹੀਣ ਮਨੁੱਖ ਸਮਾਜ, ਕੌਮ ਤੇ ਪੰਥ ਨੂੰ ਗਿਰਾਵਟ (ਅਧੋਗਤੀ, ਪਤਨ) ਵੱਲ ਲੈ ਜਾਂਦੇ ਹਨ। ਆਚਰਣ ਦਾ ਹਰ ਇਕ ਦੇ ਆਪਣੇ ਜੀਵਨ ਅਤੇ ਨਿੱਜੀ ਸ਼ਸੀਅਤ ਨਾਲ ਬਹੁਤ ਡੂੰਘਾ ਸਬੰਧ ਹੁੰਦਾ ਹੈ ਪਰ ਹਰ ਇਕ ਦੇ ਆਚਹਰਣ ਦਾ ਅਸਰ ਚਾਰ-ਚੁਫੇਰੇ ਪੈਂਦਾ ਹੈ ਭਾਵ ਜਿਸ ਸਮਾਜ ਵਿਚ ਉਹ ਰਹਿੰਦਾ ਹੈ, ਉਸ ਦਾ ਆਲਾ-ਦੁਆਲਾ ਉਸ ਦੇ ਆਚਰਣ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਪ੍ਰਭਾਵ ਉਸ ਦੇ ਆਪਣੇ ਆਚਰਣ ਅਨੁਸਾਰ ਚੰਗਾ ਜਾਂ ਮਾੜਾ ਹੋ ਸਕਦਾ ਹੈ।

ਹਰ ਮਨੁੱਖ ਦੀ ਇਹ ਕੁਦਰਤੀ ਇੱਛਾ ਹੁੰਦੀ ਹੈ ਕਿ ਲੋਕ ਉਸਨੂੰ ਚੰਗਾ ਸਮਝਣ, ਉਸਨੂੰ ਚੰਗਾ ਕਹਿਣ, ਉਸ ਦੀ ਪ੍ਰਸੰਸਾ ਕਰਨ। ਇਹ ਇੱਛਾ ਹੀ ਉਸਨੂੰ ਸਮਾਜ ਦਾ ਇਕ ਅੰਗ ਬਣਾਉਂਦੀ ਹੈ, ਉਸ ਦੇ ਆਚਰਣ ਨੂੰ ਸੰਵਾਰਦੀ ਹੈ। ਹਰ ਮਨੁੱਖ ਡਰਦਾ ਹੈ ਕਿ ਜੇ ਉਸਨੇ ਕੋਈ ਗਲਤ ਕੰਮ ਕੀਤਾ ਤਾਂ ਸਮਾਜ ਉਸਨੂੰ ਨਿੰਦੇਗਾ, ਬੁਰਾ ਕਹੇਗਾ, ਮਾੜਾ ਸਮਝੇਗਾ। ਇਹੀ ਡਰ ਉਸਨੂੰ ਬਹੁਤ ਸਾਰੇ ਪਾਪਾਂ ਅਤੇ ਔਗੁਣਾਂ ਤੋਂ ਬਚਾਉਂਦਾ ਹੈ।

ਦੂਜਿਆਂ ਦੀ ਨਜ਼ਰ ਵਿਚ ਚੰਗਾ ਬਣ ਦੀ ਇੱਛਾ ਮਾੜੀ ਨਹੀਂ। ਦੂਜੇ ਸਾਨੂੰ ਦਿਲੋਂ ਚੰਗਾ ਸਮਝਣ, ਇਹੀ ਚੰਗੀ ਇੱਛਾ ਹੈ, ਪਰ ਆਪਣੇ ਆਪ ਨੂੰ ਚੰਗਾ ਪ੍ਰਗਟ ਕਰਨਾ ਸੁਆਰਥ ਹੈ। ਦੂਜਿਆਂ ਦੀ ਨਜ਼ਰ ਵਿਚ ਚੰਗਾ ਬਣਨ ਤੋਂ ਪਹਿਲਾਂ ਜੇ ਅਸੀਂ ਆਪਣੀ ਨਜ਼ਰ ਵਿਚ ਚੰਗਾ ਬਣ ਸਕੀਏ ਤਾਂ ਉਹ ਹੀ ਅਸਲ ਚਗਿਆਈ ਹੈ। ਕਿਉਂਕਿ ਜੋ ਔਗੁਣਾਂ ਨਾਲ ਭਰਿਆ ਹੋਇਆ ਹੈ, ਜਿਸ ਨੇ ਪਾਖੰਡ ਕਰਕੇ ਹੀ ਇੱਜ਼ਤ ਪੈਦਾ ਕੀਤੀ ਹੋਈ ਹੈ, ਉਸ ਦੀ ਅਜਿਹੀ ਵਡਿਆਈ ਬਹੁਤੀ ਦੇਰ ਤੱਕ ਨਹੀਂ ਰਹਿ ਸਕਦੀ। ਜਦੋਂ ਵੀ ਪਾਖੰਡ/ਝੂਠ ਦਾ ਪਰਦਾ ਖੁੱਲ੍ਹ ਗਿਆ ਤਾਂ ਉਸਦੀ ਥੋਥੀ/ਝੂਠੀ ਵਡਿਆਈ ਖਤਮ ਹੋ ਜਾਵੇਗੀ। ਅਸਲ ਵਿਚ ਚਗਿਆਈ, ਚੰਗਾ ਹੋਣ ਵਿਚ ਹੈ, ਚੰਗਾ ਬਣਨ ਵਿਚ ਹੈ, ਨਿਰਾ ਚੰਗਾ ਪ੍ਰਗਟ ਹੋਣ ਜਾਂ ਦੂਜਿਆਂ ਕੋਲੋਂ ਚੰਗਾ ਅਖਵਾਉਣ ਵਿਚ ਨਹੀਂ।

ਲੋੜ ਹੈ ਆਪਾ ਪਛਾਨਣ ਦੀ, ਭਾਵ ਅਸੀਂ ਆਪਣੇ ਆਪ ਦੀ ਪਛਾਣ ਕਰੀਏ। ਆਪਣੇ ਮੂਲ ਦੀ ਸੋਝੀ ਤੇ ਆਪਣੀ ਮੌਜੂਦਾ ਅਵਸਥਾ ਨੂੰ ਜਾਣਨਾ ਹੀ ਆਪਣੇ ਆਪ ਦੀ ਪਛਾਣ ਹੈ:

**ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**

ਸਾਡਾ ਮੂਲ ਤਾਂ ਚੰਗਾ ਹੈ ਪਰ ਸਮਾਜਿਕ ਜੀਵਨ ਵਿਚ ਰਹਿਦਿਆਂ ਸਾਡੇ ਔਗੁਣ ਹੀ ਸਾਨੂੰ ਮਾੜਾ ਬਣਾ ਦਿੰਦੇ ਹਨ।

ਜਦੋਂ ਆਦਮੀ ਨੈਤਿਕਤਾ ਦਾ ਤਿਆਗ ਕਰਕੇ ਅਨੈਤਿਕਤਾ ਦੇ ਮਾਰਗ 'ਤੇ ਚੱਲਣ ਲੱਗਦਾ ਹੈ ਤਾਂ ਉਸ ਸਮੇਂ ਉਸਨੂੰ ਧਰਮ ਦੇ ਉਪਦੇਸ਼ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਧਰਮ ਹੀ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ।

ਪਾਪ ਦੂਰ ਕਰਨ ਲਈ ਤੇ ਪੁੰਨ ਖੱਟਣ ਲਈ ਧਰਮ ਜ਼ਰੂਰੀ ਹੈ। ਧਰਮ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ। ਨਾਮ ਹੀ ਪਾਪ ਧੋਂਦਾ ਹੈ। ਨਾਮ ਹੀ ਮੁੱਖ ਸਾਧਨ ਹੈ ਜਿਸ ਦੁਆਰਾ ਪਾਪ ਤੇ ਪੁੰਨ ਦੀ ਪਛਾਣ ਹੋ ਸਕਦੀ ਹੈ। ਇਹ ਗੱਲ ਸਮਝਣੀ ਵੀ ਜ਼ਰੂਰੀ ਹੈ ਕਿ ਨਿਰਾ ਨਾਮ ਹੀ ਧਰਮੀ ਨਹੀਂ ਬਣਾ ਦਿੰਦਾ। ਨਾਮ ਜਪਣ ਲਈ ਧਰਮ ਦੀ ਕਿਰਤ ਤੇ ਵੰਡ ਕੇ ਛਕਣਾ ਜ਼ਰੂਰੀ ਹੈ। ਨਾਮ ਸਿਮਰਨ ਉਤਮ ਕਿਰਿਆ ਹੈ ਪਰ ਆਚਰਣ ਵੀ ਤਾਂ ਉਤਨਾ ਹੀ ਜ਼ਰੂਰੀ ਹੈ। ਨਾਮ ਸਿਮਰਨ ਉੱਚੇ ਆਚਰਣ ਤੋਂ ਬਿਨਾਂ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਕਿਰਤ ਤੇ ਆਚਰਣ ਦਾ ਬਹੁਤ ਡੂੰਘਾ ਸਬੰਧ ਹੈ। ਜੇ ਕਿਰਤ ਚੰਗੀ ਹੈ ਤਾਂ ਆਚਰਣ ਚੰਗਾ, ਜੇ ਕਿਰਤ ਭੈੜੀ ਹੈ ਤਾਂ ਆਚਰਣ ਭੈੜਾ।

ਜੀਵਨ ਲਈ ਕਰਮ ਵੀ ਜ਼ਰੂਰੀ ਹਨ। ਪਰ ਧਰਮ ਦੇ ਕਰਮ ਹੀ ਸੱਚੇ ਕਰਮ ਹਨ। ਕਰਮ ਕਾਂਡੀ ਹੋ ਕੇ ਕਰਮ ਕਰਨੇ ਬੇਅਰਥ ਹਨ। ਸੱਚੇ ਕਰਮ ਉਹੀ ਹਨ ਜੋ ਚੰਗੇ ਆਚਰਣ ਦੀ ਉਸਾਰੀ ਕਰਨ। ਸਫਲਤਾ ਤਾਂ ਹੀ ਮਿਲਦੀ ਹੈ ਜੇ ਸੁਰਤ ਵਿਚ ਨਾਮ ਵੱਸਦਾ ਰਹੇ ਅਤੇ ਸਰੀਰ ਧਰਮ ਦੇ ਕੰਮਾਂ ਵਿਚ ਜੁੜਿਆ ਰਹੇ। ਇਹੋ ਜਿਹੀ ਅਵਸਥਾ ਨਾਮ ਤੇ ਆਚਰਣ ਦਾ ਸਿਖਰ ਹੈ।

ਧਰਮ ਤੇ ਨੈਤਿਕਤਾ ਦੇ ਇਸ ਸੁਮੇਲ ਨਾਲ ਜੋ ਸਦੀਵੀ ਖੇੜਾ ਤੇ ਆਨੰਦ ਮਿਲਦਾ ਹੈ, ਉਹ ਹੀ ਅਸਲੀ ਸਵਰਗ ਦੀ ਪ੍ਰਾਪਤੀ ਹੈ। ਇਸ ਦੇ ਸਾਹਮਣੇ ਸਾਰੀ ਦੁਨੀਆਂ ਦੇ ਰਾਜ ਭਾਗ ਵੀ ਤੁੱਛ ਹੋ ਕੇ ਰਹਿ ਜਾਂਦਾ ਹੈ। ਹਰ ਕੋਈ ਅਮੀਰ ਨਹੀਂ ਬਣ ਸਕਦਾ, ਹਰ ਕੋਈ ਵਿਦਵਾਨ ਨਹੀਂ ਹੋ ਸਕਦਾ, ਹਰ ਕੋਈ ਉੱਚੀ ਪਦਵੀ ਪ੍ਰਾਪਤ ਕਰਕੇ ਜੱਸ ਨਹੀਂ ਖੱਟ ਸਕਦਾ। ਇਹ ਆਦਮੀ ਦੇ ਆਪਣੇ ਹੱਥ ਵੱਸ ਵਿਚ ਨਹੀਂ, ਪਰ ਨੇਕ ਤਾਂ ਹਰ ਕੋਈ ਬਣ ਸਕਦਾ ਹੈ, ਆਪਣਾ ਆਚਰਣ ਤਾਂ ਹਰ ਕੋਈ ਬਣਾ ਸਕਦਾ ਹੈ। ਇਹ ਤਾਂ ਹਰ ਮਨੁੱਖ ਦੇ ਆਪਣੇ ਵੱਸ ਦੀ ਗੱਲ ਹੈ ਕਿ ਸੱਚ ਬੋਲੀਏ ਤੇ ਧਰਮ ਅਨੁਸਾਰ ਜੀਵਨ ਬਤੀਤ ਕਰੀਏ।

ਮਨੁੱਖ ਨੇ ਆਪਣੀ ਜ਼ਿੰਦਗੀ ਵਿਚ ਜਾਤੀ ਤੇ ਜਮਾਤੀ ਜੀਵਨ ਵਿਚ ਬਹੁਤ ਵੱਡਾ ਵਖਰੇਵਾਂ ਪੈਦਾ ਕੀਤਾ ਹੋਇਆ ਹੈ। ਨਿੱਜੀ ਤੇ ਘਰੇਲੂ ਜੀਵਨ ਵਿਚ, ਕੰਮਕਾਰ ਤੇ ਨਿੱਤ ਦੀ ਜ਼ਿੰਦਗੀ ਦਾ ਆਪਸ ਵਿਚ ਕੋਈ ਸੁਮੇਲ ਨਹੀਂ। ਅਸੀਂ ਸ਼ਸੀ (ਨਿੱਜੀ) ਜ਼ਿੰਦਗੀ ਨੂੰ ਕੌਮੀ (ਜਮਾਤੀ) ਜ਼ਿੰਦਗੀ ਤੋਂ ਵੱਖ ਸਮਝਿਆ ਹੋਇਆ ਹੈ। ਅਸੀਂ ਘਰ ਵਿਚ ਕੁਝ ਹੋਰ ਹਾਂ, ਬਾਜ਼ਾਰ ਵਿਚ ਕੁਝ ਹੋਰ, ਅੰਦਰੋਂ ਕੁਝ ਹੋਰ ਤੇ ਬਾਹਰੋਂ ਕੁਝ ਹੋਰ। ਜਾਤੀ ਤੇ ਜਮਾਤੀ ਜੀਵਨ ਦਾ ਇਹ ਅੰਤਰ ਜਦੋਂ ਤੱਕ ਦੂਰ ਨਹੀਂ ਹੁੰਦਾ, ਉਦੋਂ ਤੱਕ ਸਦਾਚਾਰਕ ਮੇਲ ਮਿਲਾਪ ਕਠਿਨ ਹੈ।

ਸਮੇਂ ਦਾ ਸਮਾਜ ਬਹੁ-ਰੂਪੀਆ ਬਣ ਗਿਆ ਹੈ। ਆਗੂ ਭੇਖਧਾਰੀ ਬਣ ਗਏ ਹਨ। ਸਭ ਪਾਸੇ ਵਿਖਾਵਾ ਪਸਰ ਗਿਆ ਹੈ, ਪਸ਼ੂ-ਬਿਰਤੀਆਂ ਦਾ ਬੋਲਬਾਲਾ ਹੋ ਗਿਆ ਹੈ। ਆਮ ਮਨੁੱਖ ਨੂੰ ਚਲਾਕ ਲੋਕਾਂ ਦੇ ਕਾਰਨਾਮਿਆਂ ਨੇ ਆਪਣੇ ਪਰਦੇ ਹੇਠ ਪੂਰੀ ਤਰ੍ਹਾਂ ਢਕ ਲਿਆ ਹੈ। ਮਨੁੱਖੀ ਵਿਹਾਰ ਤੇ ਪਸ਼ੂ-ਬਿਰਤੀਆਂ ਪਸਰ ਗਈਆਂ ਹਨ, ਅਜਿਹੀ ਅਵਸਥਾ ਦਾ ਜ਼ਿਕਰ ਗੁਰਬਾਣੀ ਵਿਚ ਇਸ ਤਰ੍ਹਾਂ ਹੈ:

ਕਰਤੂਤਿ ਪਸੂ ਕੀ ਮਾਨਸ ਜਾਤਿ॥

ਸਾਰਾ ਸਮਾਜ ਕੂੜ ਦੇ ਕੰਮ ਵਿਚ ਲੱਗਿਆ ਹੋਇਆ ਹੈ। ਗਿਆਨ ਵਿਹੂਣੇ ਆਗੂ ਸਮਾਜ ਦੀ ਅਗਵਾਈ ਨਹੀਂ ਕਰ ਸਕਦੇ:

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥

ਲੋਕ ਆਪਣੇ ਕਰਮਾਂ ਨੂੰ ਭੁੱਲੇ ਬੈਠੇ ਹਨ। ਉਦਰ ਪੂਰਤੀ ਹੀ ਮਨੁੱਖ ਦਾ ਮੁੱਖ ਉਦੇਸ਼ ਬਣ ਕੇ ਰਹਿ ਗਈ ਹੈ।

## ਪੰਦਰਾਂ ਲੱਖ ਯਹੂਦੀਆਂ ਦੀ ਕਤਲ-ਭੂਮੀ ਆਉਸ਼ਵਿਤਜ- ਬਿਰਕੇਨਾਉ ਤਸੀਹਾ ਕੈਂਪ ਪੋਲੈਂਡ



ਯਾਦਵਿੰਦਰ ਸਿੰਘ ਸਤਕੋਹ

ਪੋਲੈਂਡ

ਮਨੁੱਖ ਵੱਲੋਂ ਮਨੁੱਖ ਉੱਪਰ ਕੀਤੇ ਗਏ ਜ਼ੁਲਮ ਅਤੇ ਢਾਹੇ ਗਏ ਜਬਰ ਦੀਆਂ ਬਹੁਤ ਸਾਰੀਆਂ ਸੱਚੀਆਂ ਘਟਨਾਵਾਂ ਨਾਲ ਮਨੁੱਖੀ ਇਤਿਹਾਸ ਭਰਿਆ ਹੋਇਆ ਹੈ। ਜਦ ਵੀ ਇਹ ਵਰਤਾਰਾ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਾਪਰਿਆ, ਕਾਰਨ ਰੂਪ ਵਿੱਚ ਇਸ ਦੇ ਆਧਾਰ, ਨਸਲਵਾਦ, ਧਾਰਮਿਕ ਕੱਟੜਵਾਦ ਜਾਂ ਕਿਸੇ ਸ਼ਕਤੀਸ਼ਾਲੀ ਫਿਰਕੇ ਵੱਲੋਂ ਕਿਸੇ ਕਮਜ਼ੋਰ ਭਾਈਚਾਰੇ ਨੂੰ ਦਬਾ ਕੇ ਜਾਂ ਗੁਲਾਮ ਬਣਾ ਕੇ ਰੱਖਣ ਦੀ ਪ੍ਰਵਿਰਤੀ ਦੇ ਰੂਪ ਵਿੱਚ ਸਾਹਮਣੇ ਆਏ। ਹੈਰਾਨ ਕਰਨ ਵਾਲੀ ਗੱਲ ਹੈ ਕਿ ਮਨੁੱਖ ਚਾਹੇ ਕਿੰਨੀ ਵੀ ਵਿਗਿਆਨਕ ਸੋਚ ਦਾ ਧਾਰਨੀ ਹੋ ਜਾਏ, ਕਿੰਨਾ ਵੀ ਧਾਰਮਿਕ ਅਖਵਾਏ, ਫਿਰ ਵੀ ਆਦਿ ਕਾਲ ਤੋਂ ਲੈ ਕੇ ਅੱਜ ਤੀਕ ਇਸ ਜਬਰ-ਜ਼ੁਲਮ ਦੀ ਗਾਥਾ ਜਾਰੀ ਹੈ। ਜਦ ਮਨੁੱਖ ਆਪਣਿਆਂ ਤੇ ਹੀ ਜ਼ੁਲਮ ਅਤੇ ਜਬਰ ਕਰਨ ਨੂੰ ਜੀਵਨ ਦਾ ਮਨੋਰਥ ਸਮਝ ਕੇ ਮਾਨਣ ਲੱਗ ਪੈਂਦਾ ਹੈ ਤਾਂ ਉਹ ਪਸ਼ੂਪੁਣੇ ਦੀ ਕਿਸ ਹੱਦ ਤਕ ਡਿੱਗ ਸਕਦਾ ਹੈ, ਇਸ ਦਾ ਜੀਵਤ ਸਬੂਤ ਹੈ ਪੋਲੈਂਡ ਦੀ ਧਰਤੀ ਉਪਰ ਨਾਜ਼ੀ ਹਕੂਮਤ ਵੱਲੋਂ ਦੂਸਰੇ ਵਿਸ਼ਵ-ਯੁੱਧ ਦੌਰਾਨ ਯਹੂਦੀ ਭਾਈਚਾਰੇ ਦੀ ਕਤਲਗਾਹ ਵਜੋਂ ਸਥਾਪਿਤ ਕੀਤਾ ਗਿਆ 'ਆਉਸ਼ਵਿਤਜ-ਬਿਰਕੇਨਾਉ ਤਸੀਹਾ ਕੈਂਪ'।



ਕਿਸੇ ਸਮੇ ਪੂਰੇ ਯੂਰੋਪ ਦੀ ਸਭ ਤੋਂ ਵੱਡੀ ਯਹੂਦੀ ਕਤਲਗਾਹ ਦੇ ਰੂਪ ਵਿੱਚ ਵਰਤਿਆ ਜਾਣ ਵਾਲਾ ਇਹ ਸਥਾਨ ਮੌਜੂਦਾ ਪੋਲੈਂਡ ਦੇ ਧੁਰ

ਦੱਖਣ ਵਿੱਚ 'ਉਸ਼ਵੇਨਚੀ' ਨਾਮਕ ਇੱਕ ਛੋਟੇ ਸ਼ਹਿਰ ਵਿੱਚ, ਪੋਲੈਂਡ ਦੇ ਪ੍ਰਸਿੱਧ ਸ਼ਹਿਰ 'ਕਰਾਕੋ' ਤੋਂ ਕੋਈ 70 ਕਿਲੋਮੀਟਰ ਪੱਛਮ ਵੱਲ ਸਥਿਤ ਹੈ। ਤੱਥਾਂ ਤੋਂ ਲਗਾਏ ਅਨੁਮਾਨ ਅਨੁਸਾਰ ਨਾਜ਼ੀਆਂ ਵੱਲੋਂ 1939 ਤੋਂ ਲੈ ਕੇ 1945 ਤੀਕ ਲੱਗਭਗ 15 ਲੱਖ ਲੋਕਾਂ ਨੂੰ ਇੱਥੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜਿੰਨ੍ਹਾਂ ਵਿੱਚੋਂ 90 ਪ੍ਰਤੀਸ਼ਤ ਯਹੂਦੀ ਸਨ। ਵਰਤਮਾਨ ਸਮੇ ਵਿੱਚ ਪੂਰੀ ਦੁਨੀਆ ਤੋਂ ਹਰ ਰੋਜ਼ ਹਜ਼ਾਰਾਂ ਲੋਕ ਇਸ ਕੈਂਪ ਨੂੰ ਦੇਖਣ ਲਈ ਪਹੁੰਚਦੇ ਹਨ। ਨਾਜ਼ੀ ਹਕੂਮਤ ਵੱਲੋਂ ਯਹੂਦੀਆਂ ਉੱਪਰ ਢਾਹੇ ਗਏ ਅਕਹਿ ਅਤੇ ਅਸਹਿ ਜ਼ੁਲਮਾਂ ਦੀ ਦਾਸਤਾਨ ਨੂੰ ਸਬੂਤਾਂ ਸਹਿਤ ਇਸ ਢੰਗ ਨਾਲ ਸੰਭਾਲਿਆ ਅਤੇ ਰੂਪਮਾਨ ਕੀਤਾ ਗਿਆ ਹੈ ਕਿ ਦੇਖਣ ਵਾਲਿਆਂ ਦੀ ਰੂਹ ਧੁਰ ਅੰਦਰ ਤੀਕ ਕੰਬ ਜਾਂਦੀ ਹੈ। ਤਿੰਨ ਹਿੱਸਿਆਂ ਵਿੱਚ ਫੈਲੇ ਇਸ ਕੈਂਪ ਨੂੰ ਦੇਖਣ ਵਿੱਚ ਲੱਗਭੱਗ ਪੂਰਾ ਦਿਨ ਗੁਜਰ ਜਾਂਦਾ ਹੈ। ਸਭ ਤੋਂ ਪਹਿਲਾਂ 'ਆਉਸ਼ਵਿਤਜ ਕੈਂਪ' ਹੈ, ਜੋ ਮੁੱਖ ਸਥਾਨ ਸੀ ਅਤੇ ਇਥੇ ਅੱਜ ਮੁੱਖ ਮਿਊਜ਼ੀਅਮ ਬਣਿਆ ਹੋਇਆ ਹੈ। ਦੂਸਰਾ 'ਬਿਰਕੇਨਾਉ' ਜੋ ਇੱਕ ਕਿਲੋਮੀਟਰ ਦੂਰ ਹੈ ਅਤੇ ਲੱਗਭਗ ਇੱਕ ਕਿਲੋਮੀਟਰ ਚੌੜਾਈ ਅਤੇ ਦੋ ਕਿਲੋਮੀਟਰ ਲੰਬਾਈ ਦੇ ਘੇਰੇ ਵਿੱਚ ਹੈ। ਇਸ ਜਗ੍ਹਾ ਤੇ ਕੈਦੀਆਂ ਲਈ ਸੈਕੜੇ ਬੈਰਕਾਂ ਦੀ ਉਸਾਰੀ ਕੀਤੀ ਗਈ ਅਤੇ ਇਸ ਦੀ ਚਾਰਦੀਵਾਰੀ ਦੇ ਅੰਦਰ ਤੀਕ ਰੇਲਵੇ ਲਾਈਨ ਵਿਛਾਈ ਗਈ ਸੀ ਤਾਂ ਜੋ ਰੇਲ-ਗੱਡੀ ਕੈਦੀਆਂ ਅਤੇ ਸਮਾਨ ਆਦਿ ਨੂੰ ਲੈ ਕੇ ਅੰਦਰ ਤੱਕ ਆ ਸਕੇ। ਤੀਸਰਾ ਤਿੰਨ ਕਿਲੋਮੀਟਰ ਦੂਰ 'ਮੋਨੋਵਿਟਜ਼' ਨਾਂ ਦਾ ਇੱਕ ਹੋਰ ਹਿੱਸਾ ਸੀ ਜਿੱਥੇ ਜਰਮਨੀ ਦੀ ਹੀ ਇੱਕ ਵੱਡੀ ਕੈਮੀਕਲ ਕੰਪਨੀ ਸਥਿਤ ਸੀ।

1919 ਵਿੱਚ ਨਾਜ਼ੀ ਪਾਰਟੀ 'ਜਰਮਨ ਵਰਕਰਜ ਪਾਰਟੀ' ਦੇ ਨਾਮ ਹੇਠ ਸੰਗਠਿਤ ਹੋਈ ਅਤੇ 1920 ਵਿੱਚ 'ਅਡੋਲਫ ਹਿਟਲਰ' ਇਸ ਦਾ ਮੁਖੀ ਬਣ ਗਿਆ ਅਤੇ ਉਸ ਨੇ ਇਸ ਪਾਰਟੀ ਦਾ ਨਾਮ 'ਨੈਸ਼ਨਲ ਸ਼ੋਸ਼ਲਿਸਟ ਜਰਮਨ ਵਰਕਰਜ' ਰੱਖ ਦਿੱਤਾ। ਯੂਰੋਪ ਵਿੱਚ ਵੱਸ ਰਹੀ ਵੱਡੀ ਯਹੂਦੀ ਆਬਾਦੀ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਇਹ ਉਹਨਾ ਦੀ ਤਬਾਹੀ ਦਾ ਆਰੰਭ ਸੀ। ਹਿਟਲਰ ਨੇ 1933 ਵਿੱਚ ਸੱਤਾ ਸੰਭਾਲ ਲਈ ਅਤੇ ਨਸਲਵਾਦ ਤੇ ਆਧਾਰਿਤ ਕਾਨੂੰਨ ਅਮਲ ਵਿੱਚ ਆਉਣੇ ਸ਼ੁਰੂ ਹੋ ਗਏ, ਜਿਨ੍ਹਾ ਵਿੱਚੋਂ ਮੁੱਖ ਕਾਨੂੰਨ 'ਲਾਅ ਆਫ ਦਾ ਰੀਸਟੋਰੇਸ਼ਨ ਆਫ ਦ ਪ੍ਰੋਫੈਸ਼ਨਲ ਸਿਵਲ ਸਰਵਿਸ' ਸੀ। ਇਸ ਅਨੁਸਾਰ ਕੋਈ ਵੀ ਯਹੂਦੀ ਪੇਸ਼ੇ ਵਜੋਂ ਅਧਿਆਪਕ, ਪ੍ਰੋਫੈਸਰ, ਜੱਜ, ਸੰਗੀਤਕਾਰ ਡਾਕਟਰ, ਵਕੀਲ, ਟੈਕਸ ਕੰਸਲਟੈਂਟਸ ਅਤੇ ਨੋਟਰੀ ਦੀ ਸੇਵਾ ਨਹੀਂ ਨਿਭਾ ਸਕਦਾ ਸੀ। ਭਾਈਚਾਰੇ ਦਾ ਸਮਾਜਿਕ ਵਖਰੇਵਾਂ ਕੀਤਾ ਜਾਣ ਲੱਗ ਪਿਆ ਅਤੇ ਹਾਲਤ ਬਦਤਰ ਹੋਣ ਲੱਗ ਪਏ ਪਰ ਅਸਲੀ ਸਿਤਮ ਅਜੇ ਬਾਕੀ ਸੀ।

ਦੂਸਰੇ ਵਿਸ਼ਵ ਯੁੱਧ ਦੇ ਆਰੰਭ ਹੋਣ ਨਾਲ ਹੀ ਯਹੂਦੀਆਂ ਪਰਿਵਾਰਾਂ ਨੂੰ ਸਾਰੇ ਯੂਰੋਪ ਤੋਂ ਰੇਲਾਂ ਰਾਹੀਂ ਕਿਸੇ ਅਣਜਾਣੀ ਮਜ਼ਿਲ ਵੱਲ ਡਿਪੋਰਟ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇਹ ਸਾਰਾ ਵਰਤਾਰਾ ਬੜੇ ਹੀ ਗੁਪਤ ਢੰਗ ਨਾਲ ਚੱਲਣਾ ਸ਼ੁਰੂ ਹੋਇਆ। ਹੰਗਰੀ, ਫਰਾਂਸ, ਜਰਮਨੀ, ਬੈਲਜੀਅਮ, ਆਸਟਰੀਆ, ਹਾਲੈਂਡ, ਸਪੇਨ, ਯੂਗੋਸਲਾਵਿਆ ਆਦਿ ਤੋਂ ਯਹੂਦੀ ਪਰਿਵਾਰ ਫੜ੍ਹੇ ਜਾਣ ਲੱਗੇ ਅਤੇ ਵੱਖ-ਵੱਖ ਕੰਨਸਟਰੇਸ਼ਨ ਕੈਂਪਾਂ ਵਿੱਚ ਲਾਰੀਆਂ ਅਤੇ ਰੇਲਾਂ ਰਾਹੀਂ ਭੇਜੇ ਜਾਣ ਲੱਗੇ। ਇਹਨਾਂ ਵਿੱਚੋਂ ਸਭ ਤੋਂ ਜਿਆਦਾ ਲੋਕ (ਲੱਗਭੱਗ 18 ਲੱਖ) ਪੂਰਬੀ ਯੂਰੋਪ ਵਿੱਚ ਸਥਿਤ 'ਆਉਸ਼ਵਿਤਜ' ਕੈਂਪ ਵਿੱਚ ਭੇਜੇ ਗਏ। ਕੈਦੀਆਂ ਵਿੱਚ ਯਹੂਦੀਆਂ ਤੋਂ ਇਲਾਵਾ ਸੋਵੀਅਤ ਜੰਗ ਦੇ ਕੈਦੀ, ਜਿਪਸੀ ਲੋਕ, ਹੋਮੋਸੈਕਸੂਅਲਜ਼ ਅਤੇ ਨਾਜ਼ੀ-ਵਿਰੋਧੀ ਮੂਵੈਂਟ ਨਾਲ ਸਬਧਿਤ ਲੋਕ ਵੀ ਸ਼ਾਮਿਲ ਹੁੰਦੇ ਸਨ। ਇਹਨਾਂ ਲੋਕਾਂ ਨੂੰ ਇਹ ਕਹਿ ਕੇ ਭੇਜਿਆ ਜਾਂਦਾ ਕਿ ਉਹ ਕਿਸੇ ਦੂਰ ਦੁਰੇਡੇ ਸਥਾਨ 'ਤੇ ਕੰਮ ਕਰਨ ਲਈ ਭੇਜੇ ਜਾ ਰਹੇ ਹਨ। ਬੇਵੱਸ ਲੋਕ ਆਪਣੇ ਬੱਚਿਆਂ ਅਤੇ ਥੋੜ੍ਹੇ-ਬਹੁਤ ਸਾਮਾਨ ਨਾਲ ਚੱਲ ਪੈਂਦੇ। ਜਾਨਵਰਾਂ ਵਾਂਗ ਬੋਗੀਆਂ ਵਿੱਚ ਤੂੜੇ ਲੋਕ ਕਈ ਦਿਨਾਂ ਦੇ ਸਫਰ ਤੋਂ ਬਾਅਦ ਪੋਲੈਂਡ ਕੈਂਪ ਵਿੱਚ ਪਹੁੰਚਦੇ। ਰੇਲ ਵਿੱਚੋਂ ਉਤਾਰਦੇ ਸਾਰ ਹੀ ਕੈਦੀਆਂ ਨੂੰ ਉਮਰ ਅਤੇ ਲਿੰਗ ਦੇ ਲਿਹਾਜ਼ ਨਾਲ ਵੱਖ ਕਰ ਲਿਆ ਜਾਂਦਾ। ਇਹਨਾਂ ਕੈਦੀਆਂ ਵਿੱਚੋਂ ਜਿਹੜੇ ਲੋਕ ਜੋ ਨੌਜਵਾਨ ਸਨ ਅਤੇ ਤਾਕਤਵਰ ਸਨ, ਉਹ ਵੱਖ ਕਰ ਕਏ ਜਾਂਦੇ ਸਨ। ਇਸੇ ਤਰ੍ਹਾਂ ਜੁੜਵਾਂ ਬੱਚੇ ਵੱਖ ਕਰ ਕਏ ਜਾਂਦੇ ਸਨ ਅਤੇ ਬਾਅਦ ਵਿੱਚ ਉਹਨਾਂ ਉੱਪਰ ਦਿਲ ਕੰਬਾਊ ਮੈਡੀਕਲ ਪ੍ਰਯੋਗ ਕੀਤੇ ਜਾਂਦੇ ਸਨ। ਪਿੱਛੇ ਬਚ ਗਏ ਬੱਚੇ, ਔਰਤਾਂ, ਗਰਭਵਤੀ ਔਰਤਾਂ, ਬੀਮਾਰ ਅਤੇ ਬਜ਼ੁਰਗ ਆਦਿ ਨੂੰ ਪੈਦਲ ਗੈਸ ਚੈਂਬਰਾਂ ਵੱਲ ਤੋਰ ਦਿੱਤਾ ਜਾਂਦਾ। ਮਾਸੂਮ ਲੋਕਾਂ ਨੂੰ ਇਸ ਗੱਲ ਦਾ ਬਿਲਕੁਲ ਵੀ ਪਤਾ ਨਾਂ ਹੁੰਦਾ ਕਿ ਉਹ ਮੌਤ ਵੱਲ ਨੂੰ ਵਧਦੇ ਜਾ ਰਹੇ ਹਨ। ਇਹਨਾਂ ਨੂੰ ਨਹਾਉਣ ਦਾ ਬਹਾਨਾ ਕਰਕੇ ਪੂਰੀ ਤਰਾਂ ਨਗਨ ਕਰਕੇ ਚੈਬਰਾਂ ਵਿੱਚ ਵਾੜ ਦਿੱਤਾ ਜਾਂਦਾ ਸੀ। ਇਹਨਾਂ ਚੈਂਬਰਾਂ ਵਿੱਚ 'ਜੈਕਲੋਨ-ਬੀ' ਨਾਮਕ ਅਤਿਅੰਤ ਜ਼ਹਿਰੀਲੀ ਗੈਸ ਛੱਡ ਦਿੱਤੀ ਜਾਂਦੀ ਸੀ, ਜਿਸ ਦੇ ਅਸਰ ਨਾਲ ਕੁਝ ਮਿੰਟਾਂ ਵਿੱਚ ਹੀ ਸੈਕੜੇ ਲੋਕ ਅਤੇ ਬੱਚੇ ਤੜਫਦੇ ਹੋਏ ਸਦਾ ਦੀ ਨੀਂਦ ਸੌਂ ਜਾਂਦੇ ਸਨ । ਨਾਜ਼ੀ ਸੋਚ ਏਨੀ ਡਿੱਗੀ ਹੋਈ ਸੀ ਕਿ ਅੰਗਹੀਣਾਂ ਨੂੰ ਵੀ ਕਤਲ ਕਰ ਦਿੱਤਾ ਜਾਂਦਾ ਸੀ ਕਿਉਂਕਿ ਨਾਜ਼ੀਆਂ ਮੁਤਾਬਿਕ ਉਹ ਸਮਾਜ ਉੱਪਰ ਭਾਰ ਸਨ।

ਜਿਹੜੇ ਬਚਾ ਲਏ ਜਾਂਦੇ ਸਨ , ਉਹਨਾਂ ਦੀ ਜਿੰਦਗੀ ਮੌਤ ਤੋਂ ਵੀ ਬਦਤਰ ਸੀ। ਇਹਨਾਂ ਦਾ ਸਾਮਾਨ ਖੋਹ ਲਿਆ ਜਾਂਦਾ ਸੀ ਅਤੇ ਸਿਰ ਦੇ ਵਾਲ ਪੂਰੀ ਤਰਾਂ ਉਸਤਰੇ ਨਾਲ ਕੱਟ ਦਿੱਤੇ ਜਾਂਦੇ ਸਨ। ਕੈਂਪ ਦੇ ਮਿਊਜ਼ੀਅਮ ਵਿੱਚ ਇੱਕ ਹਾਲਨੁਮਾ ਕਮਰਾ ਪੂਰੀ ਤਰਾਂ ਵਾਲਾਂ ਨਾਲ

ਭਰਿਆ ਹੋਇਆ ਹੈ। ਇਸੇ ਤਰਾਂ ਇੱਕ ਹਾਲ ਬੂਟਾਂ ਤੇ ਚੱਪਲਾਂ ਆਦਿਕ ਨਾਲ, ਇੱਕ ਹਾਲ ਛੋਟੇ-ਛੋਟੇ ਅਟੈਚੀ ਅਤੇ ਬਕਸਿਆਂ ਨਾਲ ਭਰਿਆ ਹੋਇਆ ਹੈ, ਜਿਹਨਾਂ ਉੱਪਰ ਅਜੇ ਵੀ ਉਹ ਨਾਮ ਲਿਖੇ ਹੋਏ ਹਨ ਜੋ ਕੈਦੀਆਂ ਨੇ ਸਮਾਨ ਗੁਆਚ ਜਾਣ ਦੇ ਡਰੋਂ ਲਿਖੇ ਹੋਏ ਸਨ। ਉਹਨਾਂ ਤੋਂ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ ਸੀ ਅਤੇ ਖਾਣ ਨੂੰ ਬਹੁਤ ਹੀ ਘਟੀਆ ਬਰੈੱਡ ਅਤੇ ਸੂਪ ਦਿੱਤਾ ਜਾਂਦਾ। ਮਨਫੀ ਤਾਪਮਾਨ ਵਿੱਚ ਵੀ ਉਹਨਾਂ ਨੂੰ ਖੁੱਲੀਆਂ ਥਾਵਾਂ ਉੱਪਰ ਘਟਿਆਂ ਬੱਧੀ ਕੰਮ ਕਰਨਾਂ ਪੈਂਦਾ, ਅਤੇ ਉਹਨਾਂ ਦੀਆਂ ਰਾਤਾਂ ਸਰੀਰ ਨੂੰ ਜਮਾ ਦੇਣ ਵਾਲੀਆਂ ਅੱਤ ਠੰਡੀਆਂ ਬੈਰਕਾਂ ਵਿੱਚ ਦੰਦੋੜਿਕੇ ਵੱਜਦਿਆਂ ਗੁਜਰਦੀਆਂ। ਹਰ ਸਵੇਰ 4 ਵਜੇ ਸਾਰੇ ਕੈਂਪ ਵਿੱਚ ਕੈਦੀਆਂ ਦੀ ਹਾਜ਼ਰੀ ਹੁੰਦੀ ਜੋ 7 ਵਜੇ ਤੀਕ ਚੱਲਦੀ ਰਹਿੰਦੀ। ਇਸ ਤਰ੍ਹਾਂ ਕੈਦੀ ਮਨਫੀ ਤਾਪਮਾਨ ਵਿੱਚ ਲੱਗਭੱਗ ਤਿੰਨ ਘੰਟੇ ਖੜ੍ਹੇ ਰਹਿੰਦੇ। ਇੱਕ ਯਹੂਦੀ ਡਾਕਟਰ ਮਿਕਵੋਸ ਨਿਜ਼ਲੀ, ਜੋ ਕਿ ਆਪਣੇ ਹੁਨਰ ਦੀ ਵਜ੍ਹਾ ਨਾਲ ਕਿਸੇ ਤਰ੍ਹਾਂ ਬਚ ਗਿਆ, ਅਨੁਸਾਰ ਹਰ ਰਾਤ ਪੰਜ ਤੋਂ ਦਸ ਲੋਕ ਭਿਅੰਕਰ ਠੰਡ ਨਾਲ ਮਰ ਜਾਂਦੇ ਸਨ ਪਰ ਸਵੇਰ ਦੀ ਹਾਜ਼ਰੀ ਵਿੱਚ ਉਹਨਾਂ ਦੇ ਮ੍ਰਿਤਕ ਸਰੀਰਾਂ ਨੂੰ ਵੀ ਉਹਨਾਂ ਦੇ ਸਾਥੀਆਂ ਵੱਲੋਂ ਹਾਜ਼ਰੀ ਵਿੱਚ ਫੜ੍ਹ ਕੇ ਖੜ੍ਹੇ ਰੱਖਣਾ ਪੈਂਦਾ ਸੀ। ਦਿਨ ਵਿੱਚ ਬਿਨਾ ਆਰਾਮ 12 ਘੰਟੇ ਕੰਮ ਕਰਨਾ ਪੈਂਦਾ ਸੀ ਅਤੇ ਸ਼ਾਮ ਨੂੰ ਦੁਬਾਰਾ ਸਾਰੇ ਕੈਦੀਆਂ ਦੀ ਹਾਜਰੀ ਹੁੰਦੀ ਸੀ। ਜੇਕਰ ਕੋਈ ਕੈਦੀ ਘੱਟ ਹੁੰਦਾ ਤਾਂ ਹਜਾਰਾਂ ਕੈਦੀਆਂ ਨੂੰ ਉਨਾਂ ਚਿਰ ਤੀਕ ਖੜ੍ਹੇ ਹੀ ਰਹਿਣ ਦਿੱਤਾ ਜਾਂਦਾ ਜਦ ਤੀਕ ਗੈਰਹਾਜਰ ਕੈਦੀ ਦੀ ਸਥਿਤੀ ਸ਼ਪੱਸ਼ਟ ਨਾ ਹੋ ਜਾਂਦੀ। ਇੱਕ ਬੈਰਕ ਵਿੱਚ ਕੋਈ 80 ਤੋਂ 10 ਤੀਕ ਕੈਦੀ ਰੱਖੇ ਜਾਂਦੇ ਸਨ ਜੋ ਪਾਸਾ ਵੀ ਨਾ ਮੋੜ ਸਕਣ ਵਾਲੀ ਸਥਿਤੀ ਵਿੱਚ ਲੰਮੇ ਰਹਿੰਦੇ । ਇੱਕ ਦੂਸਰੇ ਤੋਂ ਜਿਆਦਾ ਜਗ੍ਹਾ ਮੱਲਣ ਦੇ ਚੱਕਰ ਵਿੱਚ ਉਹ ਆਪਸ ਵਿੱਚ ਝਗੜ ਵੀ ਪੈਂਦੇ ਅਤੇ ਜ਼ਖਮੀ ਹੋ ਜਾਂਦੇ । ਐਤਵਾਰ ਨੂੰ ਕੈਦੀ ਆਪਣੀਆਂ ਬੈਰਕਾਂ ਦੀ ਸਫਾਈ ਕਰਦੇ ਸਨ ਅਤੇ ਨਹਾ ਸਕਦੇ ਸਨ । ਇਹ ਸੈਂਕੜੇ ਬੈਰਕਾਂ ਠੀਕ ਉਸੇ ਹਾਲਤ ਵਿੱਚ ਅਜੇ ਵੀ ਮੌਜੂਦ ਹਨ ਅਤੇ ਕੁਝ ਇੱਕ ਦੇ ਅੰਦਰ ਜਾ ਕੇ ਵੀ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਨੂੰ ਕੈਦੀ ਲੰਮਾ ਸਮਾਂ ਨਾਂ ਸਹਾਰ ਸਕਦੇ ਅਤੇ ਬੁਰੀ ਤਰਾਂ ਬੀਮਾਰ ਹੋ ਕੇ ਮਰ ਜਾਂਦੇ ਜਾਂ ਇਸ ਤਰਾਂ ਦੇ ਕੈਦੀਆਂ ਨੂੰ ਗੈਸ ਚੈਬਰਾਂ ਵਿੱਚ ਲਿਜਾ ਕੇ ਮਾਰ ਦਿੱਤਾ ਜਾਂਦਾ। ਪੂਰੇ ਯੂਰੋਪ ਤੋਂ ਹੀ ਯਹੂਦੀਆਂ ਨੂੰ ਫੜ੍ਹ ਕੇ ਕੈਦੀ ਬਣਾ ਕੇ ਕੈਂਪ ਵਿੱਚ ਲਿਆਉਣ ਦਾ ਵਰਤਾਰਾ ਲਗਾਤਾਰ ਚੱਲਦਾ ਰਹਿੰਦਾ ਇਸ ਲਈ ਮਰ ਚੁੱਕੇ ਕੈਦੀਆਂ ਦੀ ਥਾਂ ਨਵੇਂ ਕੈਦੀ ਲੈ ਲੈਂਦੇ ਸਨ। ਕੈਂਪ ਸਥਾਪਤ ਹੋਣ ਤੋਂ ਲੱਗਭਗ ਦੋ ਸਾਲ ਦੇ ਅੰਦਰ ਇੰਨੇ ਲੋਕ ਕੈਦੀ ਬਣਾ ਲਏ ਗਏ ਕਿ ਇਸ ਮੁੱਖ ਕੈਂਪ ਦੇ ਦਸ ਤੋਂ ਪੰਦਰਾਂ ਕਿਲੋਮੀਟਰ ਦੇ ਘੇਰੇ ਵਿੱਚ ਲੱਗਭਗ 40 ਛੋਟੇ-ਵੱਡੇ ਕੈਂਪ ਬਣਾਏ ਗਏ, ਜਿਨਾਂ ਵਿੱਚ ਜੀਵਨ ਦੇ ਹਾਲਾਤ ਇਸ ਤੋਂ ਵੀ ਖਰਾਬ ਸਨ।

ਲੱਗਭੱਗ ਹਰ ਕੰਨਸਟਰੇਸ਼ਨ ਕੈਂਪ ਨਾਜੀਆਂ ਦੇ ਇੱਕ ਰਾਖਵੇਂ ਮਹਿਕਮੇ 'ਐੱਸ.ਐੱਸ.ਟੀ.' ਦੇ ਪ੍ਰਬੰਧ ਅਧੀਨ ਹੁੰਦਾ ਸੀ । ਅੰਗਰੇਜ ਇਸ ਮਹਿਕਮੇ ਦੇ ਨਾਂ ਦੀ ਵਿਆਖਿਆ 'ਡੈਥਜ਼-ਹੈੱਡ' ਵਜੋਂ ਕਹਿ ਕੇ ਕਰਦੇ ਸਨ । 'ਰੂਡੋਲਫ ਹੋਜ' ਨਾਮ ਦੇ ਇੱਕ ਨਾਜ਼ੀ ਲੈਫਟੀਨੈਂਟ ਕਰਨਲ ਨੂੰ ਕੈਂਪ ਦਾ ਪ੍ਰਬੰਧਕ ਬਣਾਇਆ ਗਿਆ। ਕੈਂਪ ਦੇ ਹੀ ਇੱਕ ਹਿੱਸੇ 'ਚ ਇੱਕ ਵੱਡੇ ਘਰ ਵਿੱਚ ਇਹ ਪਰਿਵਾਰ ਸਮੇਤ ਰਹਿੰਦਾ ਸੀ, ਜਿਸ ਤੋਂ ਕੁਝ ਮੀਟਰ ਦੀ ਦੂਰੀ ਉੱਤੇ ਫਾਂਸੀ ਦਾ ਇੱਕ ਤਖਤਾ ਸੀ। ਇਸ ਕਰਨਲ ਨੇ ਸੈਕੜੇ ਲੋਕਾਂ ਨੂੰ ਇੱਥੇ ਫਾਹੇ ਲਾਇਆ। ਇਸ ਦੇ ਨਿੱਜੀ ਦਸਤਖਤ ਵਾਲਾ ਇੱਕ ਦਸਤਾਵੇਜ ਉਪਲਬਧ ਹੈ, ਜਿਸ ਵਿੱਚ ਨੱਥੀ ਤਸਵੀਰ 'ਚ ਇੱਕ ਬਜ਼ੁਰਗ ਯਹੂਦੀ ਔਰਤ ਅਤੇ ਤਿੰਨ-ਚਾਰ ਛੋਟੇ-ਛੋਟੇ ਬੱਚੇ ਆਪਣੇ ਹੱਥਾਂ ਵਿੱਚ ਸਾਮਾਨ ਫੜ੍ਹੀ 'ਬਿਰਕੇਨਾਉ' ਦੇ ਇੱਕ ਗੈਸ ਚੈਂਬਰ ਵੱਲ ਤੁਰੇ ਜਾ ਰਹੇ ਹਨ। ਕੁਦਰਤ ਦਾ ਕਾਨੂੰਨ ਕਿੰਨਾ ਬਾਰੀਕ ਹੈ ਕਿ ਹਿਟਲਰ ਦੇ ਮਰਨ ਅਤੇ ਨਾਜੀਆਂ ਦੀ ਹਾਰ ਤੋਂ ਬਾਅਦ ਇਸ ਨੇ 'ਫਰੈਜ ਲਾਂਗ' ਨਾਮ ਦੀ ਪਛਾਣ ਹੇਠ ਆਪਣੇ-ਆਪ ਨੂੰ ਕਿਸਾਨ ਦੱਸ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਅੰਤ ਨੂੰ ਅੰਗ੍ਰੇਜ਼ ਆਰਮੀ ਦੇ ਇੱਕ ਟੁਕੜੇ ਦੇ ਹਵਾਲੇ ਆ ਗਿਆ। ਇਸ ਉੱਤੇ ਭਾਰੀ ਤਸ਼ੱਦਦ ਕੀਤਾ ਗਿਆ ਤਾਂ ਇਸ ਨੇ ਆਪਣੀ ਪਛਾਣ ਜਾਹਿਰ ਕਰ ਦਿੱਤੀ। 'ਵਾਰਸਾ' ਸ਼ਹਿਰ ਵਿੱਚ ਇਸਉੱਤੇ ਹਜਾਰਾਂ ਬੇਗੁਨਾਹਾਂ ਨੂੰ ਕਤਲ ਕਰਨ ਦਾ ਮੁਕੱਦਮਾ ਚੱਲਿਆ ਅਤੇ 1947 ਦੇ ਆਰੰਭ ਵਿੱਚਕੈਂਪ ਸਥਿਤ ਠੀਕ ਇਸ ਦੇ ਘਰ ਦੇ ਕੋਲ ਮੌਜੂਦ ਉਸੇ ਫਾਂਸੀ ਦੇ ਤਖਤੇ ਉੱਪਰ ਫਾਹੇ ਲਾ ਕੇ ਇਸ ਨੂੰ ਕਤਲ ਕਰ ਦਿੱਤਾ ਗਿਆ, ਜਿੱਥੇ ਇਸ ਨੇ ਸੈਂਕੜੇ ਬੇਗੁਨਾਹ ਫਾਹੇ ਲਾਏ ਸਨ।

ਇਹ ਸਥਾਨ ਇਸ ਖੂਨੀ ਘਟਨਾਂਕ੍ਰਮ ਤੋਂ ਪਹਿਲਾਂ ਪੋਲਿਸ਼ ਆਰਮੀ ਲਈ ਬੈਰਕਾਂ ਵਜੋਂ ਇਸਤੇਮਾਲ ਕੀਤਾ ਜਾਂਦਾ ਸੀ। ਕੈਂਪ ਦਾ ਸਭ ਤੋਂ ਪਹਿਲਾ ਲਾਂਘਾ 'ਆਉਸ਼ਵਿਤਜ' ਦਾ 80 ਸਾਲ ਪੁਰਾਣਾ ਗੇਟ ਹੈ, ਜਿਸ ਉੱਪਰ ਲੋਹੇ ਦੀ ਗਰਿੱਲ ਦੇ ਡਿਜਾਈਨ ਨਾਲ, ਜਰਮਨ ਭਾਸ਼ਾ ਵਿੱਚ 'ਆਰਬਾਈਟ ਮਾਖਟ ਫਰਾਈ' ਲਿਖਿਆ ਹੋਇਆ ਹੈ। ਇਸ ਤੋਂ ਭਾਵ ਸੀ ਕਿ 'ਕੰਮ ਹੀ ਤੁਸਾਂ ਨੂੰ ਆਜਾਦੀ ਦੇਵੇਗਾ'। ਇਹ ਸਲੋਗਨ ਹੋਰ ਵੀ ਬਹੁਤ ਸਾਰੇ ਕੈਪਾਂ ਵਿੱਚ ਲਿਖਿਆ ਹੋਇਆ ਮਿਲਦਾ ਹੈ। ਇਸ ਤੋਂ ਭਾਵ ਕੈਦੀਆਂ ਨੂੰ ਇਹ ਦੱਸਣਾ ਸੀ ਕਿ ਉਹ ਕੈਦ ਵਿੱਚ ਸਿਰ ਸੁੱਟ ਕੇ ਕੰਮ ਕਰਦੇ ਰਹਿਣ, ਤਾਂ ਹੀ ਉਹ ਕਦੇ ਆਜ਼ਾਦ ਹੋ ਸਕਦੇ ਹਨ। ਕੈਂਪ ਵਿੱਚ ਗੈਸ ਨਾਲ ਜਾਂ ਹੋਰ ਤਰੀਕਿਆਂ ਨਾਲ ਰੋਜ਼ਾਨਾਮਾਰੇ ਜਾਂਦੇ ਸੈਕੜੇ ਲੋਕਾਂ ਦੇ ਸਰੀਰਾਂ ਨੂੰ ਸਾੜਨ ਲਈ ਭੱਠੀਆਂ ਦਾ ਇੰਤਜ਼ਾਮ ਕੀਤਾ ਗਿਆ ਸੀ, ਜਿੰਨ੍ਹਾਂ ਵਿੱਚੋਂ ਕੁਝ ਇੱਕ ਅਜੇ ਮੌਜੂਦ ਹਨ। ਇਹਨਾਂ ਦੀਆਂ ਚਿਮਨੀਆਂ

ਵਿੱਚੋਂ ਨਿਰੰਤਰ ਨਿਕਲਦਾ ਧੂੰਆਂ ਮਨੁੱਖੀ ਮਾਸ ਦੇ ਸੜਨ ਦੀ ਗੰਧ ਨੂੰ ਵਾਤਾਵਰਣ ਵਿੱਚ ਮਿਲਾਉਂਦਾ ਰਹਿੰਦਾ।

ਪੂਰੀ ਦੁਨੀਆ ਵਿੱਚ ਇਹ ਸੰਦੇਸ਼ ਦੇਣ ਲਈ ਕਿ ਯਹੂਦੀ ਸਿਰਫ ਰਾਜਨੀਤਕ ਕੈਦੀ ਹਨ ਅਤੇ ਉਹਨਾਂ ਨਾਲ ਸੱਭਿਅਕ ਵਿਵਹਾਰ ਕੀਤਾ ਜਾਂਦਾ ਹੈ, ਕੈਂਪ ਦੇ ਕੁਝ ਹਿੱਸਿਆਂ ਵਿੱਚ ਨਕਲੀ ਫਿਲਮਾਂ ਅਤੇ ਤਸਵੀਰਾਂ ਸ਼ੂਟ ਕੀਤੀਆਂ ਜਾਂਦੀਆਂ, ਜਿਨ੍ਹਾਂ ਵਿੱਚ ਕੁਝ ਇੱਕ ਲੋਕਾਂ ਨੂੰ ਦਸਤਕਾਰੀ ਅਤੇ ਮਕੈਨਕੀ ਆਦਿਕ ਕੰਮ ਕਰਦੇ ਦਿਖਾਇਆ ਜਾਂਦਾ। ਕੁਝ ਬੱਚੇ ਉਹਨਾਂ ਦੇ ਨੇੜੇ ਆਪਣੀ ਮਸਤੀ ਵਿੱਚ ਖੇਡ ਰਹੇ ਹੁੰਦੇ ਅਤੇ ਬਜ਼ੁਰਗ ਲੋਕ ਬੈਠੇ ਚਾਹ ਆਦਿਕ ਪੀਂਦੇ ਹੋਏ ਗੱਪ-ਸ਼ੱਪ ਕਰਦੇ ਦਿਖਾਈ ਦਿੰਦੇ। ਇਹ ਪ੍ਰਾਪੇਗੰਡਾ ਹਿਟਲਰ ਵੱਲੋਂ ਆਪਣੇ-ਆਪ ਨੂੰ ਪਾਕ-ਸਾਫ ਦੱਸਣ ਦੀ ਕੋਸ਼ਿਸ਼ ਵਜੋਂ ਚੱਲਦਾ ਸੀ, ਜਿਸ ਵਿੱਚ ਉਹ ਅਤਿਮ ਰੂਪ ਵਿੱਚ ਨਾਕਾਮਯਾਬ ਹੀ ਰਿਹਾ ਪਰ ਕੈਂਪ ਅੰਦਰ ਚੱਲ ਰਹੇ ਗੈਰ-ਮਨੁੱਖੀ ਵਹਿਸ਼ੀ ਵਰਤਾਰੇ ਦੀਆਂ ਖਬਰਾਂ ਨੂੰ ਬਾਹਰ ਆਉਣ ਤੋਂ ਰੋਕਣ ਵਿੱਚ ਵਕਤੀ ਤੌਰ ’ਤੇ ਉਹ ਸਫਲ ਰਿਹਾ। ਇੱਥੋਂ ਭੱਜ ਕੇ ਨਿਕਲਣਾ ਲੱਗਭੱਗ ਨਾ-ਮੁਮਕਿਨ ਸੀ ਪਰ ਫਿਰ ਵੀ ਛੇ ਸਾਲ ਦੇ ਸਮੇਂ ਦੌਰਾਨ ਤਕਰੀਬਨ 80 ਲੋਕਾਂ ਨੇ ਆਪਣੀ ਆਜ਼ਾਦੀ ਲਈ ਜਾਨ ਜੋਖਮ ਵਿੱਚ ਪਾ ਕੇ ਨਿਕਲਣ ਦੀ ਕੋਸ਼ਿਸ਼ ਕੀਤੀ, ਜਿਹਨਾਂ ਵਿੱਚੋਂ ਕੋਈ 140 ਦੇ ਕਰੀਬ ਹੀ ਸਫਲ ਹੋ ਸਕੇ। ਭੱਜਣ ਵਾਲੇ ਕਾਫੀ ਲੋਕਾਂ ਦਾ ਕੁਝ ਵੀ ਪਤਾ ਨਹੀਂ ਲੱਗਾ ਕਿ ਉਹ ਸਫਲ ਹੋ ਗਏ ਜਾਂ ਨਾਜੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਜਿਨ੍ਹਾਂ ਨੂੰ ਨਾਜੀਆਂ ਵੱਲੋਂ ਫੜ੍ਹ ਲਿਆ ਜਾਂਦਾ ਉਹਨਾਂ ਨਾਲ ਬਹੁਤ ਕਹਿਰ ਹੁੰਦਾ। ਉਹਨਾਂ ਨੂੰ ਅਤੇ ਉਹਨਾਂ ਦੇ ਕਰੀਬੀ ਸਾਥੀਆਂ ਨੂੰ ਭੁੱਖੇ ਰੱਖ ਕੇ ਮਾਰ ਦਿੱਤਾ ਜਾਂਦਾ।

1944 ਵਿੱਚ ਜਦ ਸੋਵੀਅਤ ਲਾਲ ਆਰਮੀ ਪੋਲੈਂਡ ਵਿੱਚ ਦਾਖਲ ਹੋ ਗਈ ਤਾਂ ਨਾਜੀਆਂ ਨੇ ਇਸ ਕੈਂਪ ਨੂੰ ਛੱਡਣ ਦਾ ਫੈਸਲਾ ਕੀਤਾ। ਇਸ ਕੋਸ਼ਿਸ਼ ਵਿੱਚ ਉਹਨਾਂ ਨੇ ਜੁਲਮ-ਸਿਤਮ ਦੇ ਇਸ ਸਾਕੇ ਦੇ ਸਬੂਤ ਮਿਟਾਉਣ ਲਈ ਗੈਸ ਚੈਂਬਰਾਂ ਨੂੰ ਬੰਬਾਂ ਨਾਲ ਉਡਾ ਦਿੱਤਾ ਅਤੇ ਹੋਰ ਬਹੁਤ ਸਾਰੇ ਸਬੂਤ ਨਸ਼ਟ ਕੀਤੇ। ਜੋ ਬਹੁਤ ਕਮਜੋਰ ਅਤੇ ਬੀਮਾਰ ਸਨ ਉਹ ਪਿੱਛੇ ਛੱਡ ਦਿੱਤੇ ਗਏ। ਜਦ 1945 ਦੇ ਜਨਵਰੀ ਮਹੀਨੇ ਵਿੱਚ ਲਾਲ ਫੋਜ ਦੀ ਪਹਿਲੀ ਟੁਕੜੀ ‘ਆਉਸ਼ਵਿਤਜ’ ਪਹੁੰਚੀ ਤਾਂ ਉੱਥੇ ਉਹਨਾਂ ਨੂੰ 750 ਜ਼ਿੰਦਾ ਕੈਦੀ ਮਿਲੇ। ਇਸ ਤੋਂ ਇਲਾਵਾ 37000 ਆਦਮੀਆਂ ਦੇ ਸੂਟ, 83700 ਔਰਤਾਂ ਦੇ ਵਸਤਰ 77 ਟਨ ਮਨੁੱਖੀ ਵਾਲ ਵੀ ਮਿਲੇ। ਇਸ ਤਰਾਂ ਇਸ ਖੂਨੀ ਕੈਂਪ ਦਾ ਅੰਤ ਹੋਇਆ।

ਇਸ ਤੋਂ ਬਾਅਦ ਲਾਲ ਫੌਜ ਅਤੇ ਪੱਛਮੀ ਐਲਾਇੰਸ ਫੌਜਾਂ ਜਰਮਨੀ ਅਤੇ ਸਾਰੇ ਯੂਰੋਪ ਉੱਪਰ ਕਬਜ਼ਾਂ ਕਰਦੀਆਂ ਗਈਆਂ। ਇਹਨਾਂ ਫੌਜਾਂ ਨੇ ਸਭ ਕੈਂਪਾਂ ਵਿੱਚੋਂ ਜਿੰਦਾ ਬਚ ਗਏ ਕੈਦੀਆਂ ਨੂੰ ਛੁਡਾਇਆ। 30 ਅਪ੍ਰੈਲ 1945 ਨੂੰ ਹਿਟਲਰ ਨੇ ਫੜ੍ਹੇ ਜਾਣ ਦੇ ਡਰ ਤੋਂ ਆਪਣੀ ਸੱਜ ਵਿਆਹੀ ਪਤਨੀ ਨਾਲ ਆਤਮ-ਹੱਤਿਆ ਕਰ ਲਈ। ਬਹੁਤ ਸਾਰੇ ਨਾਜ਼ੀ ਫੌਜੀਆਂ ਨੂੰ ਮਾਰ ਦਿੱਤਾ ਗਿਆ ਅਤੇ ਅਫਸਰਾਂ ਨੂੰ ਮੌਤ ਅਤੇ ਉਮਰਕੈਦ ਦੀਆਂ ਸਜਾਵਾਂ ਦਿੱਤੀਆਂ ਗਈਆਂ। ਹਿਟਲਰ ਤੋਂ ਇੱਕਦਮ ਬਾਅਦ ਬਹੁਤ ਅਫਸਰਾਂ ਨੇ ਆਤਮ-ਹੱਤਿਆਵਾਂ ਕੀਤੀਆਂ ਅਤੇ ਕੁਝ ਇੱਕ ਭੱਜਣ ਵਿੱਚ ਵੀ ਕਾਮਯਾਬ ਹੋ ਗਏ।

1947 ਵਿੱਚ ਪੋਲਿਸ਼ ਸਰਕਾਰ ਨੇ ਇਸ ਸਥਾਂਨ ਨੂੰ ਇੱਕ ਯਾਦਗਾਰ ਵਜੋਂ ਮਾਨਤਾ ਦੇ ਦਿੱਤੀ। ਕੈਂਪ ਵਿਚਲੇ ਜੀਵਨ ਬਾਰੇ ਰਿਹਾ ਹੋਏ ਕੈਦੀਆਂ ਦੇ ਅੱਖੀਂ ਡਿੱਠੇ ਹਾਲ ਦੇ ਆਧਾਰ ਉੱਪਰ ਬਹੁਤ ਸਾਰੀਆਂ ਕਮਰਸ਼ੀਅਲ ਫਿਲਮਾਂ ਅਤੇ ਡਾਕੂਮੈਂਟਰੀ ਫਿਲਮਾਂ ਤਿਆਰ ਹੋਈਆਂ ਜਿਨ੍ਹਾਂ ਵਿੱਚੋਂ ਹੌਲੀਵਡ ਡਾਇਰੈਕਟਰ ਟਿਮ ਬਲੇਕ ਨੈਲਸਨ ਵੱਲੋ 2001 ਵਿੱਚ ਬਣਾਈ ਗਈ ‘ਦ ਗਰੇ

ਜ਼ੋਨ’ ਨਾਂ ਦੀ ਫਿਲਮ ਵਿੱਚ ਇਸ ਕੈਂਪ ਦੇ ਹਾਲਾਤਾਂ ਅਤੇ ਜੀਵਨ ਨੂੰ ਬਹੁਤ ਨੇੜੇ ਤੋਂ ਦਿਖਾਇਆ ਗਿਆ ਹੈ। ‘ਆਉਸ਼ਵਿਤਜ’ ਵਿੱਚ ਯੂਰੋਪ ਦੀ ਲੱਗਭੱਗ ਹਰ ਭਾਸ਼ਾ, ਅਤੇ ਯਹੂਦੀ ਭਾਸ਼ਾ ‘ਹਿਬਰੂ’ ਨਾਲ ਸਬਧਿਤ ਵੱਖ-ਵੱਖ ਗਾਈਡ ਟੂਰ ਸਵੇਰੇ ਨੌਂ ਵਜੇ ਤੋਂ ਪੂਰੇ ਮਿਊਜ਼ਿਅਮ ਅਤੇ ਕੈਂਪ ਦੀ ਵਿਸਥਾਰਿਤ ਜਾਣਕਾਰੀ ਦੇਣ ਲਈ ਨਿਕਲਦੇ ਹਨ (ਲੇਖਕ ਨੇ ਇਹ ਟੂਰ ਇੰਗਲਿਸ਼ ਗਾਈਡ ਨਾਲ ਲਿਆ ਜੋ ਹਰ 30 ਮਿੰਟ ਬਾਅਦ ਲੱਗਭਗ 30 ਕੁ ਦੀ ਗਿਣਤੀ ਵਿੱਚ ਨਿਕਲਦਾ ਹੈ)। ਸਭ ਤੋਂ ਪਹਿਲਾਂ ‘ਆਉਸ਼ਵਿਤਜ’ ਦਾ ਟੂਰ ਹੁੰਦਾ ਹੈ, ਜਿਸ ਵਿੱਚ ਅਸਲੀ ਤਸਵੀਰਾਂ ਅਤੇ ਕੈਦੀਆਂ ਦੇ ਬਚੇ-ਖੁਚੇ ਸਮਾਨ ਰਾਹੀਂ ਇਤਿਹਾਸ ਨੂੰ ਪੁਨਰ ਜੀਵਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇੱਥੇ ਕੈਦੀਆਂ ਦੇ ਰਹਿਣ ਵਾਲੀਆਂ ਇਮਾਰਤਾਂ, ਭੱਠੀਆਂ, ਤਸੀਹਾ ਘਰ ਆਦਿ ਦਾ ਪੈਦਲ ਦੌਰਾ ਕਰਾਇਆ ਜਾਂਦਾ ਹੈ। ਇਸ ਤੋਂ ਬਾਅਦ ਬੱਸ ਰਾਹੀ ਇੱਕ- ਡੇਢ ਕਿਲੋਮੀਟਰ ਦੂਰ ‘ਬਿਰਕੇਨਾਉ’ ਲੈ ਕੇ ਜਾਇਆ ਜਾਂਦਾ ਹੈ, ਜਿੱਥੇ ਸੈਕੜੇ ਬੈਰਕਾਂ, ਗੈਸ ਚੈਂਬਰਾਂ ਦਾ ਪੈਦਲ ਦੌਰਾ ਕਰ ਕੇ ਗਾਈਡ ਸਾਰੀ ਜਾਣਕਾਰੀ ਦਿੰਦੇ ਹਨ। ਇੱਥੇ ਬਣੀ ਇੱਕ ਯਾਦਗਾਰ ਦੇ ਪੈਰਾਂ ਵਿੱਚ ਪਏ ਪੱਥਰਾਂ ਤੇ ਯੂਰਪ ਦੀਆਂ ਵੱਖ ਵੱਖ ਭਾਸ਼ਾਵਾਂ ਵਿੱਚ ਕੁਝ ਸ਼ਬਦ ਉੱਕਰੇ ਹਨ, ਜਿਨ੍ਹਾਂ ਦਾ ਪੰਜਾਬੀ ਤਰਜ਼ਮਾ ਹੈ ਕਿ , ‘ਇਹ ਸਥਾਂਨ ਸਦਾ ਨਿਰਾਸ਼ਤਾ ਭਰੀ ਚੀਖ ਵਿੱਚ ਡੁੱਬਾ ਹੈ ਅਤੇ ਮਨੁੱਖਤਾ ਨੂੰ ਚੇਤਾਵਨੀ ਦਿੰਦਾ ਹੈ ਕਿ ਇਹ ਉਹ ਜਗ੍ਹਾ ਹੈ ਜਿੱਥੇ ਨਾਜ਼ੀਆਂ ਨੇ ਯੂਰੋਪ ਦੇ ਵੱਖ-ਵੱਖ ਦੇਸ਼ਾਂ ਨਾਲ ਸਬਧਿਤ ਮੁੱਖ ਤੌਰ ਤੇ ਯਹੂਦੀ, 15 ਲੱਖ ਆਦਮੀ, ਔਰਤਾਂ ਅਤੇ ਬੱਚਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।’

## ਲੋਕ ਗਾਥਾਵਾਂ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕਰਨ ਵਾਲੇ ਸਵ: ਕੁਲਦੀਪ ਮਾਣਿਕ ਨੂੰ ਚੇਤੇ ਕਰਦਿਆਂ



**ਜਸਵੀਰ ਸ਼ਰਮਾ ਦੱਦਾਹੂਰ**

94176 22046

ਕਿਸੇ ਨੂੰ ਚਿਤ ਚੇਤੇ ਵੀ ਨਹੀ ਸੀ ਕਿ ਪਿਤਾ ਨਿੱਕਾ ਸਿੰਘ ਤੇ ਮਾਤਾ ਬਚਨ ਕੌਰ ਦੀ ਕੁਖੋਂ ਪਿੰਡ ਜਲਾਲ (ਬਠਿੰਡੇ) ਵਿਖੇ ਪੈਦਾ ਹੋਣ ਵਾਲਾ



ਲਤੀਫ਼ ਮੁਹੰਮਦ ਇਕ ਦਿਨ ਦੁਨੀਆਂ ਵਿੱਚ ਵਸਦੇ ਪੰਜਾਬੀਆਂ ਲਈ ਇਕ ਕੋਹਿਨੂਰ ਹੀਰਾ ਹੋ ਨਿੱਬੜੇਗਾ। ਗਾਇਕੀ ਦਾ ਧਰੂੰ ਤਾਰਾ, ਸਿਰਮੌਰ ਗਾਇਕ ਲਤੀਫ਼ ਮੁਹੰਮਦ ਦਾ ਨਾਂ ਸਵ: ਮੁੱਖ ਮੰਤਰੀ ਪੰਜਾਬ ਸ. ਪ੍ਰਤਾਪ ਸਿੰਘ ਕੈਰੋਂ ਨੇ ਬਾਲ ਅਵਸਥਾ ਵਿੱਚ ਉਸ ਨੂੰ ਗਾਉਂਦੇ ਵੇਖਕੇ ਹੀ ਰੱਖਿਆ, ਜੋ ਕਿ ਵਾਕਿਆ ਹੀ ਕੁਲ ਦਾ ਦੀਪ ਤੇ ਮਾਣਿਕ (ਹੀਰਿਆਂ ਚੋਂ ਕੋਹਿਨੂਰ) ਸਾਬਤ ਹੋਇਆ। ਕੁਲਦੀਪ ਮਾਣਿਕ ਛੋਟੇ ਹੁੰਦਿਆਂ ਹੀ ਗਾਉਣ ਦਾ ਸ਼ੌਕ ਸੀ, ਪਰ ਪਿਤਾ ਦੀ ਮੌਤ ਕਾਰਨ ਉਚ ਵਿਦਿਆ ਪ੍ਰਾਪਤ ਨਹੀ ਕਰ ਸਕਿਆ ਤੇ ਆਪਦੇ ਭਤੀਜੇ ਨਾਲ ਗਾਇਕੀ ਦੇ ਗੜ੍ਹ ਲੁਧਿਆਣੇ ਸ਼ਹਿਰ ਵਿੱਚ ਆ ਕੇ ਢਿੱਡੋਂ ਭੁੱਖਾ ਰਹਿ ਗਾਇਕਾਂ ਦੀ ਚਾਹ ਪਾਣੀ ਦੀ ਸੇਵਾ ਕਰਕੇ ਢੋਲਕ ਹਾਰਮੋਨੀਅਮ ਵਜਾ ਕੇ ਕੁਲ ਮਿਲਦੇ 10 ਰੁਪਏ ਨਾਲ ਜਾਂ ਸਿਰਫ਼ ਇਸ ਸ਼ੌਕ ਨਾਲ ਕਿ ਕਦੇ ਕਦਾਈ ਮੈਨੂੰ ਵੀ ਸਟੇਜ਼ ਤੇ ਸਹਾਇਕ ਗਾਇਕ ਵਜੋਂ ਪੇਸ਼ ਕਰਨ ਦੀ ਲਾਲਸਾ ਨਾਲ, ਕਾਫੀ ਸਾਰੀਆਂ ਔਖਿਆਈਆਂ ਸਹਿੰਦਾ ਹੋਇਆ ਪ੍ਰਵਾਨ ਚੜ੍ਹਿਆ। ਜਦੋਂ ਕਿਤੇ ਸਥਾਪਿਤ ਕਲਾਕਾਰਾਂ ਵੱਲੋਂ ਮਾਣਕ ਨੂੰ ਸਹਾਇਕ ਗਾਇਕ ਵਜੋਂ ਗਾਉਣ ਦਾ ਸਮਾਂ ਮਿਲਦਾ ਤਾਂ ਸਥਾਪਿਤ ਗਾਇਕ ਵੀ ਅਸ਼-ਅਸ਼ ਕਰ ਉਠਦੇ।

ਇਸੇ ਤਰ੍ਹਾਂ ਜ਼ਿੰਦਗੀ ਦੇ ਤਜ਼ਰਬੇ ਨਾਲ ਸਮੇਂ-ਸਮੇਂ ਤੇ ਸਟੇਜ ਕਰਦਿਆਂ ਮਾਣਿਕ ਨੇ 50 ਰੁਪਏ ਲੈ ਕੇ ਪ੍ਰੋਗਰਾਮ ਬੁੱਕ ਕਰਨੇ, ਉੱਥੇ ਸਿਰਫ ਉਸਨੇ ਲੋਕਾਂ ਨੂੰ ਆਪਣੀ ਕਲਾ ਵਿਖਾਉਣ ਲਈ ਜੀਅ ਜਾਨ ਨਾਲ ਗਾਉਣਾ। ਉਸਦੀ ਇਹ ਮਿਹਨਤ ਉਦੋਂ ਰੰਗ ਲਿਆਈ ਜਦੋਂ ਕਿਸੇ ਅਧਿਆਪਕ ਰਾਹੀਂ ਉਸਦਾ ਤਾਲਮੇਲ ਹਰਦੇਵ ਦਿਲਗੀਰ (ਦੇਵ ਥਰੀਕੇ ਵਾਲਿਆਂ) ਨਾਲ ਹੋਇਆ ਜੋ ਕਿ ਖੁਦ ਵੀ ਇਕ ਅਧਿਆਪਕ ਸਨ। ਦੇਵ ਦੀਆਂ ਲਿਖੀਆਂ ਰਚਨਾਵਾਂ (ਗਾਥਾਵਾਂ) ਨੂੰ ਮਾਣਕ ਨੇ ਨਿਵੇਕਲੇ ਅੰਦਾਜ਼ ‘ਚ ਗਾ ਕੇ ਐਸਾ ਮੀਲ ਪੱਥਰ ਗੱਡਿਆ ਕਿ ਉਹ ਹਰ ਪੰਜਾਬੀ ਜਿੱਥੇ ਵੀ ਕਿਤੇ ਰਹਿੰਦੇ ਹੋਣ ਦਾ ਅੱਖੀਆਂ ਦਾ ਤਾਰਾ ਗਾਇਕ ਬਣ ਗਿਆ। ਬੇਸ਼ੱਕ ਮਾਣਿਕ ਨੇ ਕਈ ਹੋਰ ਗੀਤਕਾਰਾਂ ਦੇ ਗੀਤ ਵੀ ਗਾਏ, ਪਰ ਜੋ ਪ੍ਰਸਿੱਧੀ ਉਸਨੂੰ ਦੇਵ ਦੇ ਗੀਤਾਂ ਰਾਹੀਂ ਮਿਲੀ ਤੇ ਪਹਿਚਾਣ ਦੁਨੀਆਂ ਵਿੱਚ ਬਣੀ ਉਹ ਲਾ ਮਿਸਾਲ ਹੈ। ਬੇਸ਼ੱਕ ਲੋਕ ਮਾਣਿਕ ਨੂੰ ਕਲੀਆਂ ਦਾ ਬਾਦਸ਼ਾਹ ਵੀ ਕਹਿੰਦੇ ਹਨ, ਇਸ ਵਿੱਚ ਕੋਈ ਦੋ ਰਾਇ ਨਹੀ ਕਿ ਮਾਣਕ ਨੇ ਕਾਫੀ ਕਲੀਆਂ ਗਾਈਆਂ, ਪਰ ਉਸਨੇ ਜੋ ਲੋਕ ਗਾਥਾਵਾਂ ਜਿਸਨੂੰ ਕਿ ਪਹਿਲੇ ਗਾਇਕ ਵਾਰਾਂ ਕਹਿੰਦੇ ਸਨ, ਇਕ ਨਿਵੇਕਲੇ ਢੰਗ ਨਾਲ ਪੇਸ਼ ਕਰਕੇ ਜੋ ਥਾਂ ਲੋਕਾਂ ਦੇ ਦਿਲਾਂ ਵਿੱਚ ਬਣਾਈ ਉਹ ਹੋਰ ਕਿਸੇ ਵੀ ਗਾਇਕ ਦੇ ਅੱਜ ਤੱਕ ਹਿੱਸੇ ਨਹੀ ਆਈ ਤੇ ਨਾਂ ਹੀ ਆਵੇਗੀ। ਕਲੀਆਂ, ਪੁਰਾਤਨ ਕਿੱਸੇ ਗਾਥਾਵਾਂ ਤੋਂ ਇਲਾਵਾ ਇਸ ਸਦਾਬਹਾਰ ਗਾਇਕ ਨੇ ਕੋਰੜਾ, ਡਿਊਢਾ, ਢਾਈਆਂ, ਸਵੱਈਆਂ, ਸਦ, ਬੈਂਤ ਤੇ ਕਬਿਤ ਵੀ ਵੀਰ ਰਸਾਂ ਅਤੇ ਕਰੁਣਾ ਨੂੰ ਵੀ ਬਾਖੂਬੀ ਨਿਭਾਇਆ।

ਕੁਲਦੀਪ ਮਾਣਿਕ ਦੀ ਮਾਤਾ ਬਚਨ ਕੌਰ ਦੀ ਮੌਤ ਤੇ ਉਸਨੇ ਦੇਵ ਜੀ ਕੋਲੋਂ ਲਿਖਵਾ ਕੇ ਤੇ ਗਾ ਕੇ ‘ਮਾਂ ਹੁੰਦੀ ਹੈ ਮਾਂ ਓਹ ਦੁਨੀਆਂ ਵਾਲਿਓ'' ਨਾਲ ਆਪਣੀ ਮਾਤਾ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਪੇਸ਼ ਕੀਤੀ ਤੇ ਇਸ ਗੀਤ ਨੇ ਉਸਦੀ ਦੁਨੀਆਂ ਵਿੱਚ ਵਸਦੇ ਸਿਖਾਂ ਦੇ ਦਿਲਾਂ ਤੇ ਵੱਖਰੀ ਪਹਿਚਾਣ ਬਣਾ ਦਿੱਤੀ। ਉਸਨੇ ਆਪਣੀ ਸਥਾਪਿਤ ਗਾਇਕੀ ਵਿੱਚ ਲੋਕ ਤੱਥ, ਪਿਆਰ ਭੈਣ ਭਰਾ ਦਾ, ਬਿਰਹੜਾ, ਦੇਸ਼ ਭਗਤੀ, ਭਗਤੀ ਸੰਗੀਤ, ਤਾਲ ਵਾਲੇ, ਵਾਰਾਂ ਕਵਾਲੀ, ਦੋਗਾਣੇ, ਸਿਖ ਇਤਿਹਾਸਕ ਰਚਨਾਵਾਂ ਗਾ ਕੇ ਨਿਵੇਕਲੀ ਲੀਹ ਪਾਈ। ਹਰ ਵੰਨਗੀ ਵਿੱਚ ਗਾਉਣ ਦੀ ਮੁਹਾਰਤ ਹਾਸਲ ਸੀ ਇਸ ਕੋਹਿਨੂਰ ਹੀਰੇ ਨੂੰ। ਕੈਨੇਡਾ ਵਿੱਚ ਪੰਜਾਬੀਆਂ ਦੇ ਸੱਦੇ ਤੇ ਗਏ ਮਾਣਿਕ ਨੇ ਪਾਕਿਸਤਾਨੀ ਮਸ਼ਹੂਰ ਗਾਇਕ ਆਲਮ ਲੁਹਾਰ ਨੂੰ ਮਨਾ ਦਿੱਤਾ ਸੀ ਕਿ ਉਸਨੇ ਵਾਕਈ ਮਾਂ ਦਾ ਦੁੱਧ ਚੁੰਘਿਆ ਹੈ, ਅੱਜ ਤੱਕ ਮਾਣਿਕ ਵਾਂਗ ਇਕੋ ਸਾਹ ਪੰਜ ਛੇ ਕਲੀਆਂ ਕਿਸੇ ਵੀ ਗਾਇਕ ਨੇ ਨਹੀ ਗਾਈਆਂ, ਇਹ ਸਿਰਫ਼ ਤੇ ਸਿਰਫ਼ ਮਾਣਿਕ ਹੀ ਨਿਭਾ ਸਕਿਆ ਸੀ। ਮਾਣਿਕ ਹੀ ਇੱਕ ਐਸਾ ਗਾਇਕ ਹੋਇਆ ਹੈ ਜਿਸਦੇ ਗਾਏ ਗੀਤ ਅਖਾੜੇ ਵਿੱਚ ਹੀ ਹਿੱਟ ਹੋ ਜਾਇਆ ਕਰਦੇ ਸਨ, ਕੈਸਟ ਬਾਅਦ ਵਿੱਚ ਆਉਂਦੀ ਸੀ ਤੇ ਆਰਡਰ ਪਹਿਲਾਂ ਬੁੱਕ ਹੁੰਦੇ ਰਹੇ ਹਨ।

ਉਸਦੇ ਗਾਏ ਗੀਤਾਂ ਵਿੱਚੋਂ, ਵਾਰ ਬੰਦਾ ਬਹਾਦਰ, ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਐ ਹੀਰ ਦੀ, ਮਾਂ ਹੁੰਦੀ ਐ ਮਾਂ, ਇਕ ਵੀਰ ਦੇਈਂ ਵੇ ਰੱਬਾ, ਅੱਖਾਂ ਮੂਹਰੇ ਦੀਂਹਦਾ ਰਹਿੰਦਾ ਹੈ ਰੜਕਦਾ ਛੱਡੀਏ ਨਾਂ ਵੈਰੀ ਨੂੰ, ਛੇਤੀ ਕਰ ਸਰਵਨ ਪੁੱਤਰਾ, ਦੁਨੀਆਂ ਧੋਖੇਬਾਜਾਂ ਦੀ, ਵੀਰ ਹੁੰਦੇ ਰੱਬ ਵਰਗੇ, ਵੀਰੋ ਊਠਾਂ ਵਾਲਿਓ ਵੇ, ਗੋਲੀ ਮਾਰੋ ਐਹੋ ਜਿਹੇ ਬਨਾਉਟੀ ਯਾਰ ਨੂੰ, ਹੋਇਆ

ਕੀ ਜੇ ਧੀ ਜੰਮ ਪਈ, ਜੱਟ ਜਿਉਣਾ ਮੋੜ, ਸੁੱਚਾ ਸੂਰਮਾ, ਸੋਹਣੀ ਮਹੀਵਾਲ, ਸ਼ੀਰੀ ਫਰਿਆਦ, ਪੂਰਨ ਭਗਤ, ਦੁੱਲਾ ਭੱਟੀ, ਹੀਰ ਰਾਂਝਾ, ਸਾਹਿਤੀ ਮੁਰਾਦ ਤੇ ਹੋਰ ਵੀ ਹਜ਼ਾਰਾਂ ਐਸੇ ਗੀਤ ਗਾਏ ਜੋ ਰਹਿੰਦੀ ਦੁਨੀਆਂ ਤੱਕ ਅਮਰ ਰਹਿਣਗੇ। ਉਸਦਾ ਗਾਇਆ ਹਰ ਗੀਤ ਪਰਿਵਾਰਕ ਗੀਤ ਹੈ। ਉਸਨੇ ਕਾਫੀ ਸਾਰੀਆਂ ਪੰਜਾਬੀ ਫਿਲਮਾਂ ਵਿੱਚ ਗਾਣਿਆਂ ਤੇ ਆਪ ਫਿਲਮਾਂ ਪ੍ਰਡਿਊਸ ਵੀ ਕੀਤੀਆਂ। ਭਾਂਵੇ ਪੱਛਮੀ ਸੱਭਿਆਚਾਰ ਨੇ ਅਜੋਕੇ ਸਮੇਂ ਨੂੰ ਪੂਰੀ ਤਰ੍ਹਾਂ ਆਪਣੇ ਕਲਾਂਵੇ ਵਿੱਚ ਲੈ ਰੱਖਿਆ ਹੈ, ਪਰ ਫਿਰ ਵੀ ਇਸ ਹਰਮਨ ਪਿਆਰੇ ਗਾਇਕ ਦੇ ਗੀਤ ਟਰੱਕਾਂ, ਟਰੈਕਟਰਾਂ, ਢਾਬਿਆਂ ਅਤੇ ਹਰ ਉਮਰ ਦੇ ਪੰਜਾਬੀਆਂ ਦੇ ਦਿਲ ਵਿੱਚ ਘਰ ਕਰ ਚੁੱਕੇ ਹਨ।

ਸਰਬਜੀਤ ਕੌਰ ਪਤਨੀ, ਯੁਧਵੀਰ ਮਾਣਿਕ ਬੇਟਾ ਤੇ ਬੇਟੀ ਸ਼ਕਤੀ ਮਾਣਿਕ ਉਸਦਾ ਰੰਗਲਾ ਪਰਿਵਾਰ ਹੈ। ਕੁਦਰਤੀ ਯੁਧਵੀਰ ਮਾਣਿਕ ਦੇ ਬੀਮਾਰ ਹੋਣ ਨਾਲ ਕੁਲਦੀਪ ਮਾਣਿਕ ਦੀ ਸੁੱਖਾਂ ਭਰੀ ਜਿੰਦਗੀ ਅਚਾਨਕ ਦੁੱਖਾਂ ਵਿੱਚ ਬਦਲ ਗਈ। ਬੇਸ਼ੱਕ ਯੁੱਧਵੀਰ ਨੇ ਵੀ ਪਿਤਾ ਵਾਂਗ ਗਾਇਕੀ ਵਿੱਚ ਪੈਰ ਧਰਿਆ ਸੀ, ਪਰ ਪਮਾਤਮਾ ਨੂੰ ਕੁਝ ਹੋਰ ਹੀ ਮਨਜੂਰ ਸੀ ਕਿ ਇਕਦਮ ਯੁਧਵੀਰ ਦੀ ਯਾਦਾਸ਼ਤ ਖ਼ਤਮ ਹੋ ਗਈ ਤੇ ਇਸੇ ਸਦਮੇ ਨਾਲ ਹੀ ਕੁਲਦੀਪ ਮਾਣਿਕ ਵੀ ਮੰਜੇ ਦਾ ਰਾਹੀ ਬਣ ਗਿਆ ਤੇ ਅਖ਼ੀਰਲੇ ਸਮੇਂ ਤੱਕ ਵੀ ਮੰਜੇ ਦਾ ਹੀ ਪਾਂਧੀ ਰਿਹਾ।

ਦੇਵ ਥਰੀਕੇ ਵਾਲਿਆਂ ਦਾ ਬੇਟਾ ਦਸੰਬਰ 2014 ਵਿੱਚ ਪੂਰਾ ਹੋ ਗਿਆ ਸੀ। ਜਦੋਂ ਦਾਸ ਉਨ੍ਹਾਂ ਦੇ ਗਹਿ ਥਰੀਕੇ ਵਿਖੇ ਉਨ੍ਹਾਂ ਨੂੰ ਮਿਲਣ ਗਿਆ ਤੇ ਗੱਲ ਕਰਦਿਆਂ ਕਰਦਿਆਂ ਭਰੇ ਮਨ ਨਾਲ ਦੇਵ ਜੀ ਨੇ ਦੱਸਿਆ ਕਿ ਮਾਣਿਕ ਯਾਰਾਂ ਦਾ ਯਾਰ ਸੀ, ਉਨ੍ਹਾਂ ਦੇ ਨੇੜੇ ਹੀ ਉਹਨਾਂ ਦੀ ਰਿਹਾਇਸ਼ ਸੀ। ਉਨ੍ਹਾਂ ਦੱਸਿਆ ਕਿ ਅਸੀ ਦਿਨ ਵਿੱਚ ਇਕ ਜਾਂ ਦੋ ਵਾਰ ਜਰੂਰ ਮਿਲਦੇ ਸਾਂ। ਗੱਲਾਂ ਕਰਦਿਆਂ ਉਹਨਾਂ ਦਾ ਗਲ ਭਰ ਆਇਆ ਸੀ ਤੇ ਅੱਗੇ ਕੁਝ ਵੀ ਨਹੀ ਸਨ ਬੋਲ ਸਕੇ। ਇਹ ਵੀ ਸੰਯੋਗ ਹੀ ਸਮਝਿਆ ਜਾਵੇਗਾ ਕਿ ਮਾਣਿਕ ਜੀ ਦਾ ਜਨਮ 15 ਨਵੰਬਰ, 1949 ਨੂੰ ਜਲਾਲ ਵਿਖੇ ਹੋਇਆ ਤੇ ਉਨ੍ਹਾਂ ਆਖਰੀ ਸਾਹ ਵੀ 30 ਨਵੰਬਰ, 2013 ਨੂੰ ਲੁਧਿਆਣਾ ਵਿਖੇ ਲਿਆ।

ਕਮਜ਼ੋਰ ਜਿਹਾ ਸ਼ਰੀਰ, ਛੋਟਾ ਜਿਹਾ ਕੱਦ, ਸਿਰਫ਼ ਠੋਡੀ ਤੇ ਦਾੜ੍ਹੀ, ਤੁਰਲ੍ਹੇ ਵਾਲੀ ਪੱਗ, ਪੈਰੀਂ ਖੋਸੇ ਤੇ ਚਾਦਰਾ ਬੰਨ੍ਹ ਕੇ ਸਟੇਜਾਂ ਦੀ ਸ਼ਾਨ ਬਨਣ ਵਾਲੇ ਇਸ ਨਿਵੇਕਲੇ ਗਾਇਕ ਨੇ ਅਮਿਟ ਛਾਪ ਛੱਡ ਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ। ਬੇਸ਼ੱਕ ਇਸਦੀ ਮੌਤ ਤੋਂ ਬਾਅਦ ਇਸ ਮਹਾਨ ਕਲਾਕਾਰ ਦੀ ਯਾਦਗਾਰ ਵਾਸਤੇ ਥੋੜਾ ਬਹੁਤ ਰਫੜ ਵੀ ਪਿਆ ਰਿਹਾ, ਪਰ ਅਖ਼ੀਰ 'ਚ ਜਲਾਲਦੀਵਾਲ ਜਿਲ੍ਹਾ ਲੁਧਿਆਣਾ ਨੇੜੇ ਰਾਏਕੋਟ (ਜਿੱਥੇ ਕਿ ਮਾਣਿਕ ਦੀ ਜ਼ਮੀਨ ਹੈ) ਇਸ ਪੰਜਾਬੀਆਂ ਦੇ ਚਹੇਤੇ ਗਾਇਕ ਦੀ ਯਾਦਗਾਰ ਬਣਾਈ ਗਈ ਹੈ। ਜਿੱਥੇ ਮਾਣਿਕ ਸਾਹਿਬ ਦੀਆਂ ਪ੍ਰਾਪਤੀਆਂ, ਐਲ ਪੀ ਰਿਕਾਰਡ, ਕੈਸਟਾਂ, ਸੀਡੀਆਂ, ਉਸਦੇ ਸਨਮਾਨ, ਡਰੈਸਾਂ (ਜੋ ਉਹ ਸਟੇਜ਼ ਤੇ ਪਾਉਂਦਾ ਰਿਹਾ) ਤਰਤੀਬਵਾਰ ਰੱਖੀਆਂ ਹਨ, ਜਿੰਨ੍ਹਾ ਦੇ ਦਰਸ਼ਨ ਕਰਕੇ ਉਸਨੂੰ ਚਾਹੁਣ ਵਾਲੇ ਉਨ੍ਹਾਂ ਦੇ ਵਿੱਚ ਦੀ ਮਾਣਿਕ ਦੀ ਤਸਵੀਰ ਸਦਾ ਹੀ ਵੇਖਦੇ ਰਹਿਣਗੇ। ਓਸ ਪਰਮ ਪਿਤਾ ਪਮਾਤਮਾ ਅੱਗੇ ਇਹ ਜੋਦੜੀ ਹੈ ਕਿ ਐਸਾ ਇੱਕ ਹੋਰ ਕੋਹਿਨੂਰ ਹੀਰਾ ਪੰਜਾਬ ਨੂੰ ਦੇ ਜਿਹੜਾ ਉਹਦੀ ਵਿਰਾਸਤ ਨੂੰ ਅੱਗੇ ਤੋਰੇ ਤੇ ਉਸਦੀ ਰਹਿੰਦੀ ਅਧੂਰੀ ਗਾਇਕੀ ਨੂੰ ਪ੍ਰਫੁਲਤ ਕਰੇ ਤੇ ਨੇਪਰੇ ਚਾੜ੍ਹ ਸਕੇ।

## ਸਿਹਤ ਸੰਬੰਧੀ

**ਔਲਾ ਰਸ:** ਸਵੇਰੇ ਸ਼ਾਮ ਔਲਾ ਰਸ ਪੀਣਾ ਚਮਤਕਾਰ ਲਿਆ ਸਕਦਾ ਹੈ, ਇਹ ਸਰੀਰਕ ਕੰਮਕਾਜਾਂ ਨੂੰ ਦਰੁਸਤ ਬਣਾਏ ਰੱਖਣ ਵਿਚ ਮਦਦ ਕਰਦਾ ਹੈ। ਔਲਾ ਰਸ ਦੇ ਬਹੁਤ ਸਾਰੇ ਫਾਇਦੇ ਹਨ ਜਿਨ੍ਹਾਂ ਵਿਚ ਮੋਟਾਪੇ ਨੂੰ ਘਟਾਣਾ, ਮਧੁਮੇਹ ਨੂੰ ਕਾਬੂ ਰੱਖਣਾ, ਅਨੀਂਦਰਾ ਦਾ ਇਲਾਜ, ਬੁਢਾਪੇ ਨੂੰ ਰੋਕਣਾ, ਵਾਲਾਂ ਦੀ ਸਿਕਰੀ ਦਾ ਇਲਾਜ ਅਤੇ ਕੈਂਸਰ ਦੀ ਰੋਕਥਾਮ ਸ਼ਾਮਿਲ ਹਨ।



**ਜੈਤੂਨ ਦਾ ਤੇਲ:** ਜੈਤੂਨ ਦਾ ਤੇਲ ਆਪਣੇ ਆਪ ਵਿਚ ਕੋਲੇਸਟਰਾਲ, ਸੋਡਿਅਮ ਅਤੇ ਕਾਰਬੋਹਾਇਡਰੇਟ ਤੋਂ ਮੁਕਤ ਹੁੰਦਾ ਹੈ। ਕੋਲੇਸਟਰਾਲ ਅਤੇ ਉੱਚ ਰਕਤਚਾਪ ਦੇ ਇਲਾਜ ਲਈ ਇਸਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਜਿਗਰ ਦੀ ਸੁੱਰਖਿਆ, ਅਲਜਾਇਮਰ ਦੀ ਬਿਮਾਰੀ ਨੂੰ ਰੋਕਦਾ ਹੈ ਅਤੇ ਤਨਾਵ ਨੂੰ ਦੂਰ ਕਰਦਾ ਹੈ। ਜੈਤੂਨ ਦੇ ਕਈ ਫਾਇਦੇ ਹਨ, ਪਰ ਇਸਦੀ ਜਿਆਦਾ ਵਰਤੋਂ ਦੇ ਨੁਕਸਾਨ ਵੀ ਹੋ ਸਕਦੇ ਹਨ। ਗਰਭਵਤੀ ਔਰਤਾਂ ਲਈ ਇਹ ਹਾਨੀਕਾਰਕ ਹੈ।



## ਮਾਂ ਬੋਲੀ ਦਾ ਮਾਣ ਅਤੇ ਸਤਿਕਾਰ ਪੇਸ਼ ਕਰਦੀ ਪੁਸਤਕ

‘ਮਾਂ-ਬੋਲੀ ਦੇ ਸਿਰਨਾਵੇਂ’



ਡਾ. ਜਗੀਰ ਸਿੰਘ ਨੂਰ

+91 98142-09732

ਜਿਸ ਜਰਖ਼ੇਜ਼ ਧਰਤੀ ’ਤੇ ਮਨੁੱਖ-ਜਾਤੀ ਜਨਮ ਲੈਂਦੀ ਹੈ, ਉਹ ਧਰਤੀ ਉਸ ਦੀ ਜਨਮ-ਭੂਮੀ, ਮਾਂ-ਭੂਮੀਂ ਅਖਵਾਂਦੀ ਹੈ। ਜਿਸ ਦੀ ਕੁੱਖੋਂ ਮਨੁੱਖ-ਮਾਤਰ ਜਾਤੀ ਜਨਮ ਲੈਂਦੀ ਹੈ, ਉਹ ਉਸਦੀ ਮਾਂ ਅਖਵਾਂਉਂਦੀ ਹੈ ਅਤੇ ਜਿਸ ਮਾਂ ਦੇ ਬੋਲ ਬੱਚਾ ਪਹਿਲ-ਪਹਿਲੋਂ ਗ੍ਰਿਣ ਕਰਦਾ ਹੋਇਆ ਲੇਟਣਾ, ਬੈਠਣਾ, ਰਿੜ੍ਹਨਾ, ਸਹਾਰੇ ਨਾਲ ਤੁਰਨਾ ਅਤੇ ਫਿਰ ਜ਼ਿੰਦਗੀ ਦੀਆਂ ਅਨੇਕਾਂ ਮੰਜ਼ਿਲਾਂ ਤਹਿ ਕਰਨ ਹਿੱਤ ਜਿਸ ਭਾਸ਼ਾ ਨੂੰ ਉਚਾਰ ਅਤੇ ਆਪਣੇ ਹਾਵਾਂ, ਭਾਵਾਂ, ਅੰਤਹਕਰਣ ਅਤੇ ਹੋਰ ਬਾਹਰੀ ਸੰਚਾਰ ਅਰਥਾਂ ਦਾ ਮਾਧਿਅਮ ਬਣਾਉਂਦਾ ਹੈ, ਉਹ ਉਸਦੀ ‘ ਮਾਂ ਬੋਲੀ ’ ਹੀ ਹੁੰਦੀ ਹੈ। ਮਾਂ ਬੋਲੀ ਨਾਲ ਪਿਆਰ, ਸਨੇਹ, ਹੇਰਵਾ, ਵਿਛੋੜਾ ਅਤੇ ਨੇਹੁ ਪ੍ਰਟਾਉਣਾ ਮਨੁੱਖ ਜਾਤੀ ਦਾ ਸਹਿਜ-ਸੁਭਾਵਕ ਗੁਣ ਹੈ ਜਿਸ ਦੀ ਰਹਿਤਲ ਮਨੋਵਿਗਿਆਨਕ, ਸਮਾਜਕ ਅਤੇ ਸੱਭਿਆਚਾਰਕ ਸਰੋਕਾਰਾਂ ਦੀ ਪ੍ਰਿਸ਼ਟ-ਭੂਮੀ ਵਿਚੋਂ ਪ੍ਰਟ ਹੁੰਦੀ ਹੈ। ਪੁਸਤਕ ‘ ਮਾਂ ਬੋਲੀ ਦੇ ਸਿਰਨਾਵੇਂ ’ ਇਨ੍ਹਾਂ ਉਕਤ ਕਥਨਾਂ ਦੀ ਸਾਰਥਿਕਤਾ ਦਾ ਸਾਖਸ਼ਾਤ ਪ੍ਰਿਮਾਨ ਹੈ। ਪਰਮਜੀਤ ਪਰਮ ਨੇ ਸੰਪਾਦਿਤ ਕਾਵਿ-ਸੰਗ੍ਰਿ ‘ ਮਾਂ ਬੋਲੀ ਦੇ ਸਿਰਨਾਵੇਂ ’ ਜ਼ਰੀਏ ਇਸ ਸੰਕਲਪ ਨੂੰ ਪ੍ਰਟ ਰੂਪ ’ਚ ਪਾਠਕਾਂ ਦੇ ਸਨਮੁੱਖ ਕੀਤਾ ਹੈ ਕਿ ਧਰਤੀ ਧੁਰ ਨਾਲ ਜੋੜਦੀ ਹੈ ਅਤੇ ਮਾਂ ਅਸਲੇ ਨਾਲ ਜੋੜਦੀ ਹੈ। ਮਾਂ ਬੋਲੀ ਧੁਰ ਅਤੇ ਅਸਲੇ ਦੀ ਮਹਿਕ-ਸੁਗੰਧ ’ਚੋਂ ਪਨਪਦੀ ਹੈ ਅਤੇ ਮਨੁੱਖਾ ਜੀਵ ਨੂੰ ਤ੍ਰਿਲੋਕ ਨਾਲ ਜੋੜਦੀ ਹੈ। ਕਈ ਸੈਂਕੜੇ ਕਵੀਆਂ ਨੇ ਮਾਂ ਬੋਲੀ ਪੰਜਾਬੀ ( ਭਾਸ਼ਾ ) ਦੀ ਵਡਿਆਈ ਬਾਬਤ ਕਵਿਤਾਵਾਂ ਲਿਖੀਆਂ ਹਨ, ਜੋ ਅਸੀਂ ਅਤੇ ਸਾਥੋਂ ਪਹਿਲਾਂ ਦੇ ਪਾਠਕ ਵੀ ਪੜ੍ਹ ਰਹੇ ਹਨ ਅਤੇ ਅਗਾਂਹ ਨਵੀਂ ਪੀੜ੍ਹੀ ਦੇ ਕਵੀ ਵੀ ਇਸ ਭੰਡਾਰੇ ’ਚ ਉਚਿਤ ਯੋਗਦਾਨ ਪਾ ਰਹੇ ਹਨ ਪਰੰਤੂ ਸੰਪਾਦਿਕਾ ਪਰਮਜੀਤ ਪਰਮ ਦੀ ਸੀਮਾਂ ਹੈ ਕਿ ਉਸ ਨੇ ਇਸ ਸੰਗ੍ਰਿ ’ਚ ਕੇਵਲ 91 ਕਵੀਆਂ ਦੀਆਂ ਕਵਿਤਾਵਾਂ ਅੰਕਿਤ ਕੀਤੀਆਂ ਹਨ, ਫਿਰ ਵੀ ਖੁਸ਼ੀ ਜਾਂ ਮਾਣ ਵਾਲੀ ਗੱਲ ਹੈ ਕਿ ਅੰਕਿਤ ਕੀਤੇ ਕਵੀ ਭਾਂਵੇਂ 1876ਈ. ਤੋਂ ਲੈ ਕੇ 1989 ਤਕ ਦੇ ਜੰਮ-ਪਲ ਹਨ, ਦੀਆਂ ਚੋਣਵੀਆਂ ਅਤੇ ਹਰਮਨ ਪਿਆਰੀਆਂ ਕਵਿਤਾਵਾਂ, ਗੀਤਾਂ ਨੂੰ ਇਥੇ ਅੰਕਿਤ ਕੀਤਾ ਗਿਆ ਹੈ। ਤਤਕਰੇ ਤੋਂ ਪਹਿਲਾਂ ਹੀ ਕਵਿਤਰੀ ਅਤੇ ਸੰਪਾਦਕਾ ਨੇ ਮਾਂ ਬੋਲੀ ਨੂੰ ਸਿਜਦਾ ਕਰਦਿਆਂ ਹੋਇਆਂ ਮੰਗਲਾਚਰਨ ਉਚਾਰਿਆ ਹੈ ਅਤੇ ਮਾਂ ਬੋਲੀ ਨੂੰ ਇਸ਼ਟ ਮੰਨਦਿਆਂ ਹੋਇਆਂ ਉਸ ਬਾਬਤ ਕੁਝ ਕਹਿਣ ਅਤੇ ਕਰਨ ਦੀ ਹਿੰਮਤ ਲਈ ਅਰਜੋਈ ਕੀਤੀ ਹੈ। ਇਸ ਉਪਰੰਤ ਧਨੀ ਰਾਮ ਚਾਤ੍ਰਿਕ ਦੇ ਸ਼ਬਦਾਂ ’ਚ ਕਿ “ਅਸੀਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ। ਇਹੋ ਜਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ।” ਬਾਬੂ ਰਜ਼ਬ ਅਲੀ ਦੀ ਕਲਮ ਦੇ ਬੋਲ, ਫਿਰੋਜ਼ਦੀਨ ਸ਼ਰਫ਼ ਦੇ ਅਗੰਮੀ ਬੋਲ ਕਿ “ਮੈਂ ਪੰਜਾਬੀ, ਪੰਜਾਬੀ ਦਾ ‘ ਸ਼ਰਫ਼ ’ ਸੇਵਕ, ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।” ਇਸੇ ਪ੍ਰਸੰਗਤਾ ’ਚ ਚਿਰਾਗ ਦੀਨ ਦਾਮਨ, ਚਤਰ ਸਿੰਘ ਬੀਰ, ਇੰਦਰ ਜੀਤ ਹਸਨਪੁਰੀ, ਕੰਵਰ ਇਮਤਿਆਜ਼, ਦਿਲਸ਼ਾਦ ਅਹਿਮਦ ਚੰਨ ( ਪਾਕਿਸਤਾਨ ) ਅਤੇ ਸਰੂਪ ਸਿੰਘ ਸਾਕੀ ਦੇ ਅਤਿ ਮਿੱਠੇ ਬੋਲਾਂ ਤੋਂ ਇਲਾਵਾ ਸਿਰੀ ਰਾਮ ਅਰਸ਼, ਪੰਨੂ ਪਰਵਾਜ਼, ਸ਼ਿਵ ਨਾਥ, ਭਗਤ ਰਾਮ, ਮਠਾੜੂ, ਮੋਹਨਜੀਤ, ਸੇਵੀ ਰਾਇਤ, ਬਾਬੂ ਰਾਮ ਦੀਵਾਨਾ, ਸੁਰਜੀਤ ਪਾਤਰ ਅਤੇ ਸੁਖਚੈਨ ਸਿੰਘ ਭੰਡਾਰੀ ਦੇ ਡੂੰਘੇ ਅਨੁਭਵਾਂ ਅਤੇ ਸਾਹਿਤਕ ਫ਼ਲਸਫੇ ਨਾਲ ਜੁੜੇ ਹੋਏ ਅਹਿਲਕਾਰ ਪੰਜਾਬੀ ਬੋਲੀ ਦੇ ਸੇਵਕਾਂ ਦਾ ਮਾਂ ਬੋਲੀ ਪ੍ਰੀ ਡੂੰਘਾ ਨੇਹੁ ਅਤੇ ਸਤਿਕਾਰ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਸੰਦੀਪ ਕੌਰ, ਸੁਖਵਿੰਦਰ ਸੁੱਖੀ, ਤ੍ਰੈਲੋਚਨ ਲੋਚੀ ਦੇ ਬੋਲਾਂ ’ਚ ਵੀ ਪੰਜਾਬੀਅਤ ਦੀ ਝਲਕ, ਮਾਂ ਬੋਲੀ ਦੀ ਮਹੱਤਤਾ ਦਾ ਪ੍ਰਗਟਾਵਾ ਬਣਦੀ ਹੈ। ਮਨਮੋਹਨ ਸਿੰਘ ਦਾਊਂ, ਬਾਬੂ ਸਿੰਘ ਮਾਨ, ਅਮਰਜੀਤ ਸਿੰਘ ਅਮਰ, ਅਜੀਤ ਸਿੰਘ ਸੰਧੂ, ਪ੍ਰਮਿੰਦਰ ਜੀਤ, ਸਤਪਾਲ ਨੂਰ, ਬਾਬਾ ਨਜ਼ਮੀ ਅਤੇ ਚਮਕ ਸੁਰਜੀਤ ਫਿਰੋਜ਼ਪੁਰੀ ਆਦਿ ਕਵੀਆਂ ਅਤੇ ਗੀਤਕਾਰਾਂ ਦੀਆਂ ਰਚਨਾਵਾਂ ਅੰਕਿਤ ਕਰਕੇ ਮਾਂ ਬੋਲੀ ਦੀ ਆਭਾ ਨੂੰ ਲੋਕ-ਅਰਪਣ ਕੀਤਾ ਹੈ। ਬਾਬਾ ਨਾਨਕ, ਬੁਲ੍ਹੇ ਸ਼ਾਹ, ਵਾਰਿਸ, ਸ਼ਾਹ ਮੁਹੰਮਦ ਜਿਹੇ ਸ਼ਿਰੋਮਣੀ ਰਹਿਬਰਾਂ, ਕਵੀਆਂ ਨੂੰ ਇਸੇ ਭਾਸ਼ਾ ’ਚ ਲੋਰੀਆਂ ਮਿਲੀਆਂ ਸਨ। ਇਸੇ ਭਾਸ਼ਾ ਨੇ ਅਣਖੀਲੇ ਗਭਰੂ ਪੈਦਾ ਕੀਤੇ ਜੋ ਸ਼ਹੀਦੀਆਂ ਦਾ ਜਾਮ ਪੀ ਕੇ ਭਾਰਤੀ ਕੌਮ ਨੂੰ ਜਿਊਣਜੋਗਾ ਕਰ ਗਏ। ਪੰਜਾਬੀ ਮਾਂ ਨੂੰ ਚਣੌਤੀ ਦੇਣ ਵਾਲਿਆਂ ਦਾ ਜੋ ਕਹਿਣਾ ਹੈ ਕਿ ਸ਼ਾਇਦ ਇਹ ਭਾਸ਼ਾ ਮਰ-ਮੁੱਕ ਜਾਵੇਗੀ? ਇਹੋ ਜਿਹੇ ਊਲ-ਜਲੂਲ ਪ੍ਰਸ਼ਨਾਂ ਦੇ ਉੱਤਰ ਵਿਚ ਵੀ, ਇਹ ਪੁਸਤਕ ਡਟ ਕੇ ਪਹਿਰਾ ਦੇ ਰਹੀ ਸਾਬਿਤ ਹੁੰਦੀ ਹੈ। ਇਸ ਬਾਬਤ ਸੂਫ਼ੀ ਬਲਬੀਰ ਦਾ ਪੈਗਾਮ ਹੈ ਕਿ ਚੁੰਮ ਲਉ ਤੇ ਅੱਖਾਂ ਤੇ ਬਿਠਾ ਲਉ ਪੰਜਾਬੀ ਨੂੰ, ਉੱਠੋ ਉਏ ਪੰਜਾਬੀਓ, ਬਚਾ ਲਉ ਪੰਜਾਬੀ ਨੂੰ। ਇਸੇ ਤਰ੍ਹਾਂ ਅਨੇਕਾਂ ਹੋਰ ਕਵੀਆਂ ਨੇ ਇਸ ਭਾਸ਼ਾ ਨੂੰ ‘ ਮਾਂ ਲਗਦੀ, ਠੰਡੀ ਛਾਂ ਲੱਗਦੀ ’ , ਗੁਰੂਆਂ , ਪੀਰਾਂ ਫਕੀਰਾਂ ਦੀਆਂ ਸਿਖਿਆਵਾਂ ਦਾ ਵਾਹਕ ਬਣਦੀ , ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀ ਅਣਮੋਲ ਵਿਰਾਸਤ ਜਾਪਦੀ ਹੋਈ ਦਰਸਾਇਆ ਹੈ। ਇਸੇ ਪ੍ਰਸੰਗਤਾ ’ਚ ਡਾ. ਸਤੀਸ਼ ਠੁਕਰਾਲ ‘ਮਾਂ-ਬੋਲੀ ਮਨੋ ਭੁਲਾਇਓ ਨਾ’ ਕਹਿੰਦਾ ਹੈ। ਕੁਲਦੀਪ ਕੌਰ

ਚੱਠਾ ਕਹਿੰਦੀ ਹੈ ਕਿ ' ਮਾਂ ਬੋਲੀ ਨੂੰ ਕਰੋ ਪਿਆਰ, ਜੀਵਨ ਸਾਡੇ ਦਾ ਆਧਾਰ। ' ਰਵਿੰਦਰ ਰਵੀ ਇਹ ਨਾਹਰਾ ਬੁਲੰਦ ਕਰਦੇ ਹਨ ਕਿ ਸਭ ਲੋਕ ਇਕੱਠੇ ਹੋ ਕੇ ਮਾਂ ਬੋਲੀ ਨੂੰ ਹੋਰ ਹੁਲਾਰਾ ਦੇਈਏ। ਪਰੰਤੂ ਗੱਲ ਇਥੇ ਹੀ ਨਹੀਂ ਮੁੱਕ ਜਾਂਦੀ, ਮਾਂ ਬੋਲੀ ਦੇ ਇਨ੍ਹਾਂ ਸਿਰਨਾਵਿਆਂ ਦਾ ਸਾਂਝਾ ਹੈਗ਼ਾਮ ਇਹ ਵੀ ਹੈ ਕਿ ਮਾਂ ਬੋਲੀ ਪੰਜਾਬੀ ਦਾ ਵਿਕਾਸ ਅਤੇ ਇਸਦੇ ਸਹੀ ਸਰੂਪ ਨੂੰ ਪ੍ਰਾਹਮਾਨ ਕਰਨ ਹਿੱਤ ਸਮੂਹ ਪੰਜਾਬੀ ਕੌਮ, ਚਾਹੇ ਉਹ ਕਿਤੇ ਵੀ ਵਸ ਰਹੀ ਹੈ, ਤਹਿ ਦਿਲੋਂ ਇਸ ਨੂੰ ਸਮਝੇ, ਪੜ੍ਹੇ ਅਤੇ ਆਪਣੀਆਂ ਅਗਾਂਹ ਦੀਆਂ ਪੀੜ੍ਹੀਆਂ ਨੂੰ ਇਹ ਭਾਸ਼ਾ ਪੜ੍ਹਾਉਣ, ਮਿਹਨਤ ਸਦਕਾ ਸੰਪਾਦਕ ਪਰਮਜੀਤ ਪਰਮ ਵਧਾਈ ਦੀ ਹੱਕਦਾਰ ਹੈ।

## ਕਲਾਵਾਂ ਦਾ ਸਮੁੰਦਰ-ਬਲਵੰਤ ਸਿੰਘ ਮੁਸਾਫਿਰ



ਪ੍ਰੀਤਮ ਲੁਧਿਆਣਵੀ

+91 98764-28641

ਉਮਰ ਦੇ 80-ਵੇਂ ਪੌਡੇ ਉਤੇ ਪੈਰ ਧਰ ਚੁੱਕੇ ਬਲਵੰਤ ਸਿੰਘ ਮੁਸਾਫਿਰ ਜੀ ਅੱਜ ਵੀ ਨੌ-ਜਵਾਨਾਂ ਤੋਂ ਵੱਧ ਕੇ ਜੋਸ਼-ਖਰੋਸ਼ ਨਾਲ ਨੱਸੇ-ਭੱਜੇ ਫਿਰ ਰਹੇ ਹਨ, ਆਪਣੇ ਅਗਾਂਹ-ਵਧੂ ਵਲਵਲਿਆਂ ਦੇ ਬੱਲਬੂਤੇ। ਹਾਲਾਂ ਕਿ ਦੋ ਸਾਲ ਪਹਿਲੇ ਕਿਸੇ ਐਕਸੀਡੈਂਟ ਦੀ ਲਪੇਟ ਵਿਚ ਆ ਜਾਣ ਕਾਰਨ ਸੱਜੇ ਗੋਡੇ ਦੀ ਚੱਪਣੀ ਵਿਚ ਰਾਡ ਪਈ ਹੋਈ ਹੈ, ਪਰ ਢੋਲ ਦਾ ਡਗਾ ਸੁਣਦੇ ਹੀ ਨੌ-ਜਵਾਨਾਂ ਤੋਂ ਵੀ ਮੂਹਰੇ ਹੋ ਕੇ ਪੈਲਾਂ ਪਾਉਂਦੇ ਨੱਚ ਉਠਦੇ ਹਨ। ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ 15 ਅਗਸਤ ਅਤੇ 26 ਜਨਵਰੀ ਦੇ ਵਿਸ਼ੇਸ਼ ਦਿਹਾੜਿਆਂ ਉਤੇ ਦਿੱਲੀ ਵਿਖੇ ਆਪਣੀ 'ਮਹਿੰਦਰਾ ਕਾਲਿਜ ਪਟਿਆਲਾ' ਦੀ ਭੰਗੜਾ ਟੀਮ ਨਾਲ ਮਨਾਏ ਯਾਦਗਾਰੀ ਪਲ ਯਾਦ ਆਉਂਦੇ ਹੀ ਝੂਮ ਉਠਦੇ ਹਨ, ਉਹ। ਫਿਲਮ 'ਮਿਰਜਾ ਸਾਹਿਬਾਂ', 'ਨਯਾ ਦੌਰ' ਅਤੇ 'ਖੇਡਣ ਦੇ ਦਿਨ ਚਾਰ' ਵਿਚ ਵਿਖਾਏ ਭੰਗੜੇ ਦੇ ਜੌਹਰ ਉਨ੍ਹਾਂ ਦੀ ਅੱਡੀ ਨੂੰ ਟਿਕਣ ਨਹੀ ਦਿੰਦੇ।

ਮਿਕਨਾਤੀਸੀ ਸਖਸ਼ੀਅਤ ਬਲਵੰਤ ਸਿੰਘ ਮੁਸਾਫਿਰ ਜੀ ਦੀ ਬੁੱਤ-ਕਲਾ ਦੀ ਗੱਲ ਕਰਾਂ ਤਾਂ ਬੁੱਤਾਂ ਵਿਚ ਬਸ ਇਕ ਜਾਨ ਪਾਉਣੇ ਹੀ ਬਾਕੀ ਰਹਿ ਜਾਂਦੀ ਹੈ। ਸਾਹ ਅਤੇ ਜਾਨ ਪਾਉਣ ਦੀ ਪਾਵਰ, ਦੁਨੀਆਂ ਦੇ ਉਸ ਉਪਰਲੇ 'ਬੁੱਤ-ਤਰਾਸ਼' ਨੇ ਆਪਣੇ ਹੱਥ ਵਿਚ ਰੱਖੀ ਹੋਈ ਹੈ: ਨਹੀ ਤਾਂ ਜਿੰਨੀ ਕਲਾ ਦੀ ਬਖਸ਼ੀਸ਼ ਉਸ 'ਬੁੱਤ-ਤਰਾਸ਼' ਨੇ ਮੁਸਾਫਿਰ ਜੀ ਨੂੰ ਬਖਸ਼ ਰੱਖੀ ਹੈ, ਦੋਵਾਂ ਬੁੱਤ-ਤਰਾਸ਼ਾਂ ਵਿਚ ਫਰਕ ਹੀ ਕੋਈ ਨਹੀ ਸੀ ਰਹਿਣਾ ਕਲਾ ਦੇ ਪੱਖ ਤੋਂ। ਇਹ ਤਾਂ ਸਿਰਫ ਮਿਸਾਲ-ਮਾਤਰ ਹੀ ਹਨ। ਉਨ੍ਹਾਂ ਦੀਆਂ ਵੱਖ-ਵੱਖ ਕਲਾਵਾਂ ਦੀ ਗੱਲ ਛੇੜਾਂ ਤਾਂ ਇੰਝ ਲੱਗਦੈ ਜਿਉਂ ਮਹਾਂਰਾਜ 'ਵਿਸ਼ਵਕਰਮਾ' ਜੀ ਨੇ ਆਪਣੀਆਂ ਕਲਾਵਾਂ ਦੇ ਦਰਵਾਜੇ ਦਿਲ ਖੋਲ੍ਹ ਕੇ ਰੱਖ ਦਿੱਤੇ ਹੋਣ ਮੁਸਾਫਿਰ ਜੀ ਅੱਗੇ। 'ਸ਼ੀਸ਼ਾ ਫਰੇਮ', 'ਸਮੁੰਦਰੀ ਸਿੱਪੀਆਂ ਦੇ ਸਜਾਵਟੀ ਬੁੱਤ ਬਣਾਉਣੇ', 'ਨੇਮ-ਪਲੇਟਾਂ ਦਾ ਕੰਮ', 'ਬੰਦੂਕਾਂ ਦੀ ਮੁਰੰਮਤ', 'ਕਾਰਪੈਂਟਰ', 'ਪਲਾਸਟਿਕ ਕੇਨ ਦੀਆਂ ਸਾਈਕਲ-ਟੋਕਰੀਆਂ ', 'ਸਿਲਾਈ-ਕਢਾਈ', 'ਜੁੱਤੀਆਂ ਬਣਾਉਣਾ' ਅਤੇ 'ਸਰੀਏ ਦਾ ਫਰਨੀਚਰ', ਆਦਿ ਗੱਲ ਕੀ ਦਸਤਕਾਰੀ ਦਾ ਦੁਨੀਆਂ ਭਰ ਦਾ ਕੋਈ ਵੀ ਐਸਾ ਕਿੱਤਾ ਨਹੀ ਰਿਹਾ ਜਿਸ ਨੂੰ ਮੁਸਾਫਿਰ ਜੀ ਨੇ ਕਾਰੋਬਾਰ ਵਜੋਂ ਨਾ ਅਪਣਾਇਆ ਹੋਵੇ ਅਤੇ ਨਾਮਨਾ ਨਾ ਖੱਟਿਆ ਹੋਵੇ।

ਮਾਤਾ 'ਸਰਸਵਤੀ' ਜੀ ਦੀ ਅਪਾਰ-ਕਿਰਪਾ ਸਦਕਾ ਉਨ੍ਹਾਂ ਨੇ ਜਿੱਥੇ ਗੀਤ-ਸੰਗੀਤਕ ਗਤੀ-ਵਿਧੀਆਂ ਵਿਚ ਖੂਬ ਝੰਡੀ ਗੱਡੀ ਰੱਖੀ, ਉਥੇ ਸਾਹਿਤਕ ਖੇਤਰ ਵਿਚ ਵੀ ਉਹ ਪਿੱਛੇ ਨਹੀ ਰਹੇ। 'ਅੱਖਰਾਂ ਦੇ ਬੁੱਤ', 'ਰੂਹ ਪੰਜਾਬ ਦੀ', 'ਮਿੱਟੀ ਦਾ ਮੋਹ', 'ਕਲਾਮ-ਏ-ਮੁਸਾਫਿਰ' ਅਤੇ 'ਖਿਆਲਾਂ ਦੀ ਉਡਾਣ' ਆਦਿ ਆਪਣੀਆਂ ਮੌਲਿਕ ਪੁਸਤਕਾਂ ਸਾਹਿਤ-ਜਗਤ ਦੀ ਝੋਲੀ ਪਾਉਣ ਦੇ ਨਾਲ-ਨਾਲ 'ਮੂੰਹੋਂ ਬੋਲਦੀਆਂ ਕਲਮਾਂ', 'ਕਲਮਾਂ ਦੀ ਪਰਵਾਜ' ਅਤੇ 'ਕਲਮਾਂ ਦੇ ਸਿਰਨਾਵੇਂ' ਆਦਿ ਵੱਖ-ਵੱਖ ਸੰਸਥਾਵਾਂ ਦੀਆਂ ਡੇਢ ਦਰਜਨ ਦੇ ਕਰੀਬ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਵੀ ਭਰਵੀ ਕਲਮੀ-ਹਾਜਰੀ ਲਗਵਾ ਚੁੱਕੇ ਹਨ। ਫਿਰ ਆਪਣੀ ਸ਼ਿਲਪਕਾਰੀ ਦੀ ਸੰਸਥਾ 'ਰਾਣਾ ਹੈਂਡੀਕਰਾਫਟ ਇੰਟਰਨੈਸ਼ਨਲ, ਮੁਹਾਲੀ (ਰਜਿ.)' ਦੇ ਸਾਹਿਤਕ ਵਿੰਗ ਦੀ ਸਿਰਜਣਾ ਕਰ ਕੇ ਇਸ ਵਿੰਗ ਰਾਂਹੀਂ ਬਤੌਰ ਚੇਅਰਮੈਨ, ਆਪਣੀਆਂ ਰੀਝਾਂ ਪੂਰਦਿਆਂ ਉਹ, 'ਪੜ੍ਹੋ ਤੇ ਜਾਣੋ', 'ਸੋਚ ਉਡਾਰੀ', 'ਬੋਲ ਸੰਧੂਰੀ', 'ਕਾਵਿ-ਪਰਿਕਰਮਾ', 'ਤ੍ਰੈ-ਰੰਗ', ਅਤੇ ਨਿਵੇਕਲੀ ਪੈੜ' ਆਦਿ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਪਾਠਕਾਂ ਦੇ ਹੱਥਾਂ ਤੱਕ ਪਹੁੰਚਾ ਚੁੱਕੇ ਹਨ। ਜਿਕਰ ਯੋਗ ਹੈ ਕਿ ਇਸ ਸੰਸਥਾ ਵਿਚ ਰਾਜ ਕੁਮਾਰ ਸਾਹੋਵਾਲੀਆ ਵਰਗੇ ਜਨਰਲ ਸਕੱਤਰ ਅਤੇ ਵਰਿਆਮ ਸਿੰਘ ਬਟਾਲਵੀ ਵਰਗੇ ਪ੍ਰਧਾਨ ਐਸੀਆਂ ਹਿੰਮਤੀ ਸਖਸ਼ੀਅਤਾਂ ਉਨ੍ਹਾਂ ਨੂੰ ਮਿਲੀਆਂ ਹਨ ਕਿ ਹਰ ਮਹੀਨੇ ਇਕ ਕਵੀ-ਦਰਬਾਰ ਅਯੋਜਿਤ ਕਰ ਲੈਂਦੇ ਹਨ। ਉਨ੍ਹਾਂ ਸਮਾਗਮਾਂ ਵਿਚ ਸਾਹਿਤ-ਪ੍ਰੇਮੀਆਂ ਨੂੰ ਸਟੇਜੀ-ਪਲੇਟਫਾਰਮ ਤਾਂ ਮਿਲਦਾ-ਹੀ-ਮਿਲਦਾ ਹੈ, ਪਰ ਹੋਰ ਸੰਸਥਾਵਾਂ ਨਾਲੋਂ ਵਿਲੱਖਣਤਾ ਇਹ ਹੁੰਦੀ ਹੈ ਕਿ ਉਸ ਮਹੀਨੇ ਵਿਚ ਸਮਾਗਮ ਵਿਚ ਹਾਜਰ ਜਿਸ ਵੀ ਸਾਥੀ ਦਾ ਜਨਮ-ਮਹੀਨਾ ਹੁੰਦਾ ਹੈ, ਉਸ ਨੂੰ ਆਪਣੀ ਸ਼ਿਲਪਕਾਰੀ ਦੇ ਖਜਾਨਿਆਂ ਵਿਚੋਂ ਆਪਣੇ ਹੱਥਾਂ ਦੀ ਬਣਾਈ ਹੋਈ ਕਿਰਤ-ਕਲਾ ਨਾਲ ਬੜੇ ਆਦਰ-ਸਤਿਕਾਰ ਨਾਲ ਨਿਵਾਜਦੇ ਹਨ।

ਮੁਸਾਫਿਰ ਜੀ ਦੀਆਂ ਕਲਾਵਾਂ ਦੀ ਲਿਸਟ ਵਿਚ ਇਕ ਹੋਰ ਅਹਿਮ ਕਲਾ ਆਉਂਦੀ ਹੈ, ਰੰਗਦਾਰ ਮੱਛੀਆਂ ਪਾਲਣਾ। ਇਸ ਮੰਤਵ ਲਈ ਉਨ੍ਹਾਂ ਦਾ ਜਿਲ੍ਹਾ ਮੁਹਾਲੀ ਦੇ ਕੁਰਾਲੀ ਸ਼ਹਿਰ ਦੀਆਂ ਬਰੂਹਾਂ ਵਿਚ ਵਸਦੇ ਪਿੰਡ ਕਨੌੜਾ ਵਿਚ ਰੰਗਦਾਰ ਮੱਛੀ ਪਾਲਣ ਫਾਰਮ ਆਪਣੀ ਮਿਸਾਲ ਆਪ ਹੈ। ਇਹ ਮਾਣ ਵਾਲੀ ਗੱਲ ਹੈ ਕਿ ਰੰਗਦਾਰ ਮੱਛੀਆਂ ਪਾਲਣ ਦਾ ਕਾਰੋਬਾਰ ਮੁਸਾਫਿਰ ਜੀ ਹੀ ਪਹਿਲੀ ਬਾਰ ਪੰਜਾਬ ਵਿਚ ਲੈਕੇ ਆਏ ਸਨ। ਅੱਜ ਦਿਨ ਇਸ ਕਾਰੋਬਾਰ ਦੇ ਸਿਰ ਤੇ ਦੋ ਹਜਾਰ ਤੋਂ ਵੱਧ ਪਰਿਵਾਰ ਆਪਣੀ ਰੋਜੀ-ਰੋਟੀ ਚਲਾ ਰਹੇ ਹਨ। ਮੱਛੀ ਪਾਲਣ ਵਿਭਾਗ ਪੰਜਾਬ ਲਈ ਆਪਣਾ ਨੁਮਾਇਸ਼ੀ ਸਮਾਨ ਅਤੇ ਸਬੰਧਤ ਝਾਕੀਆਂ ਤਿਆਰ ਕਰਕੇ ਦੇਣ ਦੀ ਸੇਵਾ ਉਹ ਪਿਛਲੇ ਢਾਈ ਦਹਾਕਿਆਂ ਤੋਂ ਕਰਦੇ ਚਲੇ ਆ ਰਹੇ ਹਨ।



ਮੁਸਾਫਿਰ ਜੀ ਦੀ ਜ਼ਿੰਦਗੀ ਦਾ ਲੋਕ-ਭਲਾਈ ਖੇਤਰ ਦਾ ਸਫਾ ਫਰੋਲਾਂ ਤਾਂ ਦੁਆਵਾਂ ਅਤੇ ਅਸੀਸਾਂ ਹੀ ਖੱਟਦੇ ਨਜ਼ਰੀ ਆਉਂਦੇ ਹਨ, ਉਹ ਹਰ ਪਾਸਿਓਂ। ਗਰੀਬ ਅਤੇ ਲੋੜਵੰਦ ਲੜਕੀਆਂ ਦੇ ਵਿਆਹ-ਕਾਰਜਾਂ ਵਿਚ ਖੜ੍ਹਨਾ, ਜੜੀ-ਬੂਟੀਆਂ ਨਾਲ ਹਰ ਬੀਮਾਰੀ ਦਾ ਮੁਫਤ ਇਲਾਜ ਕਰਨਾ: 'ਰਾਸ਼ੀ-ਫਲ' ਨਾਲ ਢੁੱਕਵੇ 'ਨਗ' ਮੁਫਤ ਵੰਡਣੇ ਅਤੇ ਮੰਤਰ-ਕਲਾਮ ਪੜ੍ਹ ਕੇ 'ਧਰਨ', 'ਦੰਦਾਂ-ਦਾਹੜਾਂ ਦੀ ਤਕਲੀਫ' ਅਤੇ 'ਲੀਵਰ' ਆਦਿ ਦਾ ਫੋਨ ਉਤੇ ਹੀ ਇਲਾਜ ਕਰ ਦੇਣਾ ਉਨ੍ਹਾਂ ਦੀ ਰਗ-ਰਗ ਵਿਚ ਸਮਾ ਚੁੱਕੇ ਲੋਕ-ਭਲਾਈ ਕਾਰਜ ਹਨ। ਮੁਸਾਫਿਰ ਜੀ ਦਾ ਵਿਦਿਆਰਥੀ ਜੀਵਨ ਘੋਖਾਂ ਤਾਂ ਮਹਿੰਦਰਾ ਕਾਲਿਜ ਪਟਿਆਲਾ ਤੋਂ ਐਫ. ਏ. ਅਤੇ ਥਾਪਰ ਕਾਲਿਜ ਤੋਂ ਸਿਵਿਲ ਇੰਜੀਨੀਰਿੰਗ ਦਾ ਡਿਪਲੋਮਾ ਕਰਦਿਆਂ ਪਹਿਲੇ ਸਾਲ ਹੀ 'ਕਾਲਜ-ਕਲਰ', 'ਯੂਨੀਵਰਸਟੀ-ਕਲਰ' ਅਤੇ ਪਹਿਲਵਾਨੀ ਖੇਤਰ ਵਿਚ ਦੋ ਸਾਲ 'ਮਿਸਟਰ ਪਟਿਆਲਾ' ਦੇ ਖਿਤਾਬ ਉਨ੍ਹਾਂ ਝੋਲੀ ਪੁਆਏ।

ਪੂਰੀ ਜ਼ਿੰਦਗੀ ਭਰ ਘੋੜ-ਦੌੜ ਭੱਜੇ ਹੋਏ 'ਗੁਣਾ ਦੀ ਪਟਾਰੀ' ਵਾਲੀ ਇਸ ਸਖਸ਼ ਦੀ ਸਖਸ਼ੀਅਤ ਨੇ ਹੱਥਲੀ ਕਲਮ ਉਤੇ ਐਸਾ ਜਾਦੂ-ਮਈ ਅਸਰ ਕੀਤਾ ਕਿ ਇਹ ਕਲਮ ਮੁਸਾਫਿਰ ਜੀ ਦੀ ਜੀਵਨੀ ਲਿਖੇ ਬਿਨਾ ਰਹਿ ਨਾ ਸਕੀ। ਇਸ ਸਖਸ਼ੀਅਤ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨੂੰ ਬਿਆਨ ਕਰਦੀ 144 ਪੰਨਿਆਂ ਦੀ ਪੁਸਤਕ 'ਬਹੁ-ਪੱਖੀ ਦਰਵੇਸ਼ ਹਸਤੀ- ਬਲਵੰਤ ਸਿੰਘ ਮੁਸਾਫਿਰ' ਜੀ ਨੂੰ 26 ਦਸੰਬਰ, 15 ਨੂੰ ਲੋਕ-ਅਰਪਣ ਕਰਦਿਆਂ ਮੌਕੇ ਦੇ ਮੁੱਖ ਮਹਿਮਾਨ, ਮੈਡਮ ਊਸ਼ਾ ਆਰ. ਸ਼ਰਮਾ, ਆਈ. ਏ. ਐਸ. (ਰਿਟਾ.) ਜੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ, 'ਬਲਵੰਤ ਸਿੰਘ ਮੁਸਾਫਿਰ ਜੀ ਹੁਣ ਪਹਿਲੇ ਵਾਲੇ ਬਲਵੰਤ ਸਿੰਘ ਨਹੀ ਰਹੇ, ਅੱਜ ਲੋਕ-ਅਰਪਣ ਹੋਈ ਇਸ ਪੁਸਤਕ ਨੇ ਉਨ੍ਹਾਂ ਨੂੰ 'ਜਿਊਂਦੀ-ਜਾਗਦੀ ਮਹਾਨ ਆਤਮਾ' (ਯੁੱਗ ਪੁਰਸ਼) ਬਣਾ ਕੇ ਰੱਖ ਦਿੱਤਾ ਹੈ, ਜੋ ਇਕ ਮਾਣ ਵਾਲੀ ਗੱਲ ਹੈ।' ਇਵੇਂ ਹੀ ਮੌਕੇ ਦੇ ਦੂਜੇ ਮੁੱਖ ਮਹਿਮਾਨ ਜਨਾਬ ਆਰ. ਐਲ. ਕਲਸੀਆ, ਆਈ. ਏ. ਐਸ. (ਰਿਟਾ.) ਜੀ ਨੇ ਵੀ ਆਪਣੇ ਸ਼ਬਦਾਂ ਵਿਚ ਮੁਸਾਫਿਰ ਜੀ ਨੂੰ 'ਸਮਾਜ ਦਾ ਮਾਰਗ-ਦਰਸ਼ਕ' ਕਹਿ ਕੇ ਸਲਾਹਿਆ।

ਮੁਸਾਫਿਰ ਜੀ ਵਲੋਂ ਜ਼ਿੰਦਗੀ ਵਿਚ ਘਾਲੀ ਪਾਲਣਾ ਨੂੰ ਸਲਾਮ ਕਰਦਿਆਂ ਅਨੇਕਾਂ ਸੰਸਥਾਵਾਂ ਯਾਦਗਾਰੀ ਚਿੰਨ ਅਤੇ ਐਵਾਰਡਾਂ ਦੇ ਰੂਪ ਵਿਚ ਆਪੋ-ਆਪਣਾ ਬਣਦਾ-ਸਰਦਾ ਸਤਿਕਾਰ ਉਨ੍ਹਾਂ ਦੀ ਝੋਲੀ ਪਾ ਚੁੱਕੀਆਂ ਹਨ। ਇਨ੍ਹਾਂ ਵਿਚੋਂ ਦਿੱਲੀ ਵਿਖੇ ਰੀਸਰਚ ਐਵਾਰਡ ਆਫ ਇੰਡੀਆ ਵਲੋਂ ਦਿੱਤਾ 'ਲਾਈਫ ਟਾਈਮ ਅਚੀਵਮੈਂਟਸ ਐਵਾਰਡ', ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵਲੋਂ 'ਸ਼ਿਲਪਕਾਰੀ ਅਤੇ ਕਲਮ ਦਾ ਬਾਬਾ ਬੋਹੜ- ਐਵਾਰਡ 2013' ਅਤੇ 'ਲੋਹ-ਪੁਰਸ਼ ਐਵਾਰਡ-2015' ਤੋਂ ਇਲਾਵਾ ਰੀਡਰ ਐਂਡ ਰਾਈਟਰਜ ਸੁਸਾਇਟੀ ਆਫ ਇੰਡੀਆ ਵਲੋਂ ਮਿਲਿਆ 'ਲਿਟਰੇਚਰ ਐਵਾਰਡ' ਉਨ੍ਹਾਂ ਦੇ ਕੱਦ-ਬੁੱਤ ਨੂੰ ਉਭਾਰਦੇ ਅੱਡਰੇ ਹੀ ਨਜ਼ਰੀ ਆਉਂਦੇ ਹਨ।

ਆਖਰੀ ਦਿਲੀ-ਖੁਹਾਇਸ਼ ਬਾਰੇ ਪੁੱਛੇ ਜਾਣ ਤੇ ਮੁਸਾਫਿਰ ਜੀ ਨੇ ਕਿਹਾ, 'ਮੇਰੀ ਖੁਹਾਇਸ਼ ਸੀ ਕਿ ਮੈਂ ਜਾਂਦੇ-ਜਾਂਦੇ ਸਿੱਖ ਇਤਿਹਾਸ ਦਾ ਇਕ ਮਿਊਜੀਅਮ ਬਣਾ ਜਾਵਾਂ, ਜਿਸ ਦੀ ਸ਼ੁਰੂਆਤ ਵੀ ਕਰ ਦਿੱਤੀ ਗਈ ਸੀ, ਪਰ ਬਦ-ਕਿਸਮਤੀ ਨਾਲ ਅੱਜ ਤੋਂ ਸੱਤ ਸਾਲ ਪਹਿਲੇ ਮੁਹਾਲੀ ਵਿਖੇ ਮੇਰੀ ਫੈਕਟਰੀ ਨੂੰ ਅੱਗ ਲੱਗ ਜਾਣ ਕਾਰਨ, ਪੰਜਾਹ ਸਾਲਾਂ ਦੀ ਮਿਹਨਤ ਅਤੇ ਸਾਢੇ ਚਾਰ ਕਰੋੜ ਰੁਪਏ ਦੇ ਲਗਭਗ ਕੀਮਤ ਦਾ ਸਮਾਨ ਸੜ ਕੇ ਸੁਆਹ ਹੋ ਗਿਆ ਸੀ। ਇਸ ਵਿਚ ਕੀਮਤੀ ਅਤੇ ਵੱਡਮੁੱਲੇ ਇਤਿਹਾਸਕ ਬੁੱਤਾਂ ਦਾ ਖਜਾਨਾ ਵੀ ਸ਼ਾਮਲ ਸੀ। ਮੇਰਾ ਅਜੇ ਵੀ ਦਿਲੀ-ਵਲਵਲਾ ਹੈ ਕਿ ਜੇਕਰ ਕੋਈ ਵਿੱਤੀ ਪੱਖੋਂ ਸਾਡੀ ਬਾਂਹ ਫੜੇ ਤਾਂ ਅਸੀਂ ਪੰਜ ਸੌ ਕੁਰਬਾਨੀਆਂ ਦਾ ਵਿਸ਼ਾਲ ਸਿੱਖ ਮਿਊਜੀਅਮ ਬਣਾ ਕੇ ਦੇ ਸਕਦੇ ਹਾਂ: ਬੇਸ਼ੱਕ ਕੋਈ ਸੰਸਥਾ ਆਪਣੇ ਨਾਂਓਂ ਹੇਠ ਹੀ ਸਾਥੋਂ ਬਣਵਾ ਲਏ, ਸਾਨੂੰ ਆਪਣਾ ਨਾਂਓਂ ਦੇਣ ਦੀ ਵੀ ਕੋਈ ਇੱਛਾ ਨਹੀ ਹੈ।'

ਮੁਸਾਫਿਰ ਜੀ ਨੇ ਅੱਗੇ ਦੱਸਿਆ ਕਿ ਮੇਰੇ ਚਾਰੇ ਸਪੁੱਤਰ ਪਰਮਜੀਤ ਸਿੰਘ ਰਾਣਾ, ਸਰਬਜੀਤ ਸਿੰਘ ਪਿੰਸ, ਧਰਮਜੀਤ ਸਿੰਘ ਰਾਜਾ ਅਤੇ ਕਰਮਜੀਤ ਸਿੰਘ ਜੱਜ ਇਸੇ ਸ਼ਿਲਪਕਾਰੀ ਖੇਤਰ ਨੂੰ ਹੀ ਸਮਰਪਣ ਹਨ।

ਮੇਰਾ ਇਹ ਸੁਪਨਾ ਸਾਕਾਰ ਕਰਨ ਲਈ ਉਹ ਵੀ ਤਿਆਰ ਹਨ।'

ਰੱਬ ਕਰੇ, ਦਿਲ ਦੇ ਸ਼ਹਿਨਸ਼ਾਹ, ਕਲਾਵਾ ਦੇ ਸਮੁੰਦਰ ਅਤੇ ਬੀਬੀ ਜਸਵੀਰ ਕੌਰ ਮੁਸਾਫਿਰ ਜੀ ਦੇ ਸਿਰਤਾਜ, ਬਲਵੰਤ ਸਿੰਘ ਮੁਸਾਫਿਰ ਜੀ ਦੇ ਸੁਪਨਿਆਂ ਨੂੰ ਭਰਵਾਂ ਬੂਰ ਪਵੇ ! ਤਾਰਿਆਂ ਦੇ ਭਰਵੇਂ ਅੰਬਰ ਜਿੰਨੀਆਂ ਦੁਆਵਾਂ ਤੇ ਦਿਲੀ-ਇੱਛਾਵਾਂ ਹਨ ਮੇਰੀਆਂ !



## ਕੁੜੱਤਣ

**ਕਹਾਣੀ,** ਵਰਿੰਦਰ ਅਜ਼ਾਦ

+91 98150-21527

ਅੱਜ ਪੰਕਜ ਨੂੰ ਛੁੱਟੀ ਸੀ ਬੈਠੇ ਬੈਠੇ ਉਸ ਦੇ ਦਿਲ ਵਿਚ ਆਇਆ, ਕਿਉਂ ਨਾ ਮਾਸੀ ਘਰ ਹੋ ਆਈਏ ਮਾਸੀ ਪੂਰੀ ਹੋਈ ਨੂੰ ਪੂਰੇ ਚਾਰ ਸਾਲ ਹੋ ਚੁੱਕੇ ਸਨ। ਘਰ ਮਾਸੀ ਮਾਸੜ ਦਾ ਮੁੰਡਾ ਉਸ ਦੀ ਘਰਵਾਲੀ ਅਤੇ ਉਸ ਦੇ ਚਾਰ ਬੱਚੇ 1 ਰਿਸ਼ਤੇ ਦੀ ਅਹਿਮੀਅਤ ਦਿਲਾਂ ਚ' ਹੁੰਦੀ ਹੈ ਜਰੂਰੀ ਨਹੀਂ ਕਿ ਰਿਸ਼ਤਾ ਖ਼ੂਨ ਦਾ ਹੀ ਹੋਵੇ ਇਹ ਤਾਂ ਦਿਲ ਮਿਲੇ ਦਾ ਸੌਦਾ ਹੁੰਦਾ ਹੈ। ਮਾਸੀ ਪੰਕਜ ਦੀ ਸਕੀ ਤਾਂ ਨਹੀਂ ਸੀ ਇਕੋ ਮਕਾਨ 'ਚ ਰਹਿਣ ਕਰਕੇ ਆਪਸ 'ਚ ਡੂੰਘਾ ਪਿਆਰ ਸੀ ਦੋਵਾਂ ਪਰਿਵਾਰਾਂ 'ਚ। ਮਾਸੀਗਿਆਨ ਕੌਰ ਅਤੇ ਮਾਸੜ ਜਰਨੈਲ ਸਿੰਘ ਮੁੰਡਾ ਦਲੀਪ ਸਿੰਘ ਅਕਸਰ ਉਸ ਨੂੰ ਦੀਪਾ ਆਖ ਕੇ ਸੱਦਿਆ ਜਾਂਦਾ ਹੈ। ਜੱਟ ਜਿਮੀਂਦਾਰ ਹੋਣ ਕਰਕੇ ਮਾਸੜ ਜਰਨੈਲ ਸਿੰਗ ਕੋਲ ਕਾਫੀ ਜਮੀਨ ਜਾਇਦਾਦ, ਲਾਇਸੰਸ ਸੁਦਾ ਬੰਦੂਕ ਅਤੇ ਆਪਣੀ ਸੁਰੱਖਿਆ ਵਾਸਤੇ ਕਾਨੰਨੀ ਤੌਰ ਤੇ ਰੱਖੇ ਹੋਏ ਹਥਿਆਰ ਸਨ। ਮਾਸੀ ਵੀ ਜਵਾਨ ਤੇ ਰੱਜ ਕੇ ਖੂਬਸੂਰਤ। ਪਿੰਡ ਵਿਚ ਲੰਬੜਦਾਰ ਰਹਿ ਚੁੱਕਿਆ ਜਰਨੈਲ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੁਲਾਜਮ। ਮਾਸੜ ਜੀ ਚਾਰ ਭਰਾ ਅਤੇ ਇਕ ਭੈਣ ਪਿੰਡ 'ਚ ਜਮੀਨ ਜਾਇਦਾਦ ਹੋਣ ਕਰਕੇ ਸਭ ਬਰਾਬਰ ਦੀ ਦਾਵੇਦਾਰੀ ਦੇ ਹੱਕਦਾਰ ਸਨ ਸਾਰੇ ਭਰਾ ਪੜ੍ਹੇ ਲਿਖੇ ਘੱਟ ਘੱਟ ਸਨ। ਮਾਸੜ ਦਾ ਵਿਚਕਾਰ ਵਾਲਾ ਭਰਾ ਬਚਪਨ ਤੋਂ ਹੀ ਮਾਸੜ ਕੋਲ ਰਹਿੰਦਾ ਸੀ ਪੜ੍ਹਿਆ ਲਿਖਿਆ ਤਾਂ ਉਹ ਬਿਲਕੁਲ ਨਹੀਂ ਸੀ ਨਾ ਬਸੰਤ ਸਿੰਘ ਦੋ ਭਰਾ ਪਿੰਡ 'ਚ ਸਨ ਜਿੰਨ੍ਹੇ 'ਚ ਇਕਬਾਲ ਸਿੰਘ ਅਮਰ ਸਿੰਘ। ਇਕਬਾਲ ਸਿੰਘ ਕਾਫੀ ਚੁਸਤ ਚਲਾਕ ਅਤੇ ਘਰਵਾਲੀ ਅੱਖਾਂ ਅੱਖਾਂ ਵਿਚ ਗੱਲਾਂ ਕਰੀ ਜਾਂਦੀ। ਅਮਰ ਸਿੰਘ ਦਾ ਵਿਆਹ ਨਹੀਂ ਹੋਣ ਦਿਤਾ ਜਮੀਨ ਜਾਇਦਾਦ ਦਾ ਲਾਲਚ ਇਨਸਾਨ ਨੂੰ ਇਨਸਾਨ ਤੋਂ ਹੈਵਾਨ ਬਣਾ ਦਿੰਦਾ ਹੈ ਇਕਬਾਲ ਦੀ ਜਨਾਨੀ ਬੀਰੋ ਕਾਹਲੀ ਸੀ ਕਿ ਕਦ ਅਮਰ ਸਿੰਘ ਦਾ ਕੰਡਾ ਨਿਕਲੇ ਤੇ ਉਹ ਜਮੀਨ ਦੀ ਮਾਲਕ ਬਣੇ। ਅਮਰ ਸਿੰਘ ਸਿੱਧਾ ਸਾਧਾ ਬੰਦਾ ਹੋਣ ਕਰਕੇ ਉਸ ਦੇ ਦਿਲ ਦਿਮਾਗ ਵਿਚ ਕੁੱਛ ਵੀ ਤਾਂ ਨਹੀਂ ਸੀ ਕਿ ਭਰਾ ਭਰਜਾਈ ਅੰਦਰੋ ਅੰਦਰੀਂ ਕਿਹੜੀ ਖਿਚੜੀ ਪਕਾ ਰਹੇ ਹਨ।ਜਮੀਨ ਜਾਇਦਾਦ ਤਾਂ ਇਕਬਾਲ ਨੇ ਅਮਰ ਸਿੰਘ ਕੋਲੋਂ ਆਪਣੇ ਨਾਂ ਕਰਵਾ ਲਈ ਸੀ ਨਸ਼ੇ ਦਾ ਤਾਂ ਅਮਰ ਸਿੰਘ ਗੁਲਾਮ ਸੀ। ਉਹ ਕਿਆਮਤ ਦੀ ਰਾਤ ਸੀ ਜਦ ਅਮਰ ਸਿੰਘ ਇਕਬਾਲ ਨਾਲ ਬੈਠਾ ਸ਼ਰਾਬ ਪੀ ਰਿਹਾ ਸੀ ਅੱਜ ਸ਼ਰਾਬ ਦਾ ਸਵਾਦ ਵੀ ਕੁੱਝ ਅਜੀਬ ਲੱਗ ਰਿਹਾ ਸੀ। ਸਵੇਰੇ ਖੱਪ ਪੈ ਗਈ ਅਮਰ ਸਿੰਘ ਮੁੱਕ ਗਿਆ।

ਜਦ ਸ਼ਹਿਰ 'ਚ ਜਰਨੈਲ ਸਿੰਘ ਨੂੰ ਪਤਾ ਲਗਿਆ ਉਸ ਨੂੰ ਸ਼ੱਕ ਹੀ ਨਹੀਂ ਪੂਰੇ ਦਾ ਪੂਰਾ ਭਰੋਸਾ ਸੀ ਕਿ ਅਮਰ ਸਿੰਘ ਦੀ ਮੌਤ ਨਹੀ ਹੋਈ ਅਮਰ ਸਿੰਘ ਦਾ ਕਤਲ ਹੋਇਆ ਹੈ ਜਮੀਨ ਜਾਇਦਾਦ ਪਿੱਛੇ। ਜਰਨੈਲ ਸਿੰਘ ਪਿੰਡ ਗਿਆ ਅਤੇ ਰਸਮਾਂ ਰਿਵਾਜ ਪੂਰੀਆਂ ਕਰਨ ਪਿੱਛੋਂ ਸ਼ਹਿਰ ਵਾਪਸ ਗਿਆ। ਜਿਹੜਾ ਭਰਾ ਬਸੰਤ ਸਿੰਘ ਜਰਨੈਲ ਸਿੰਘ ਕੋਲ ਰਹਿੰਦਾ ਸੀ ਹੈ ਤਾਂ ਉਹ ਵੀ ਮੋਟੀ ਬੁੱਧੀ ਦਾ ਮਾਲਕ ਸਕੂਲ ਤਾਂ ਗਿਆ ਨਹੀਂ ਕੰਮ ਵੀ ਕੋਈ ਢੰਗ ਨਾਲ ਨਹੀਂ ਸਿੱਖਿਆ ਨਹੀਂ ਕਦੇ ਸਿਨੇਮੇ 'ਚ ਗਚਕ, ਮਰੂੰਡਾ, ਮੁੰਗਫਲੀ ਵੇਚਦਾ ਅਤੇ ਕਦੇ ਕਦੇ ਸੋਡੇ ਦੀਆਂ ਬੋਤਲਾਂ ਦੀ ਰੇਹੜੀ ਲਗਾਉਂਦਾ। ਵਿਹਲੇ ਸਮੇਂ ਭਰਜਾਈ ਨਾਲ ਘਰ ਦਾ ਕੰਮ ਕਰਵਾਉਂਦਾ ਭਰਜਾਈ ਵੀ ਆਪਣੇ ਦਿਓਰ ਤੋਂ ਖੂਬ ਕੰਮ ਲੈਂਦੀ। ਬਸੰਤ ਸਿੰਘ ਘਰ ਦਾ ਕੰਮ ਕਰਨ ਵਿਚ ਖੁਸ਼ੀ ਮਹਿਸੂਸ ਕਰਦਾ ਬਸੰਤ ਸਿੰਘ ਹੁੜਮੱਤ ਆਪਣੇ ਹੀ ਮਨ ਦੀ ਕਰਦਾ ਮੂਰਖਾਂ ਵਾਲੇ ਸਾਰੇ ਹੀ ਗੁਣ ਸਨ ਬਸੰਤ ਸਿੰਘ ਦੇ ਅੰਦਰ। ਅਕਸਰ ਭਰਾ ਭਰਜਾਈ ਉਸ ਦੀਆਂ ਗਲਤੀਆਂ ਤੋਂ ਉਸ ਨੂੰ ਗੁੱਸੇ ਹੁੰਦੇ ਰਹਿੰਦੇ ਅੱਗੋ ਉਹ ਵੀ ਪੁਠੇ ਸਿੱਧੇ ਜਵਾਬ ਦਿੰਦਾ ਕਈ ਵਾਰ ਘਰੋਂ ਵੀ ਦੌੜ ਜਾਂਦਾ ਆਪਣੇ ਆਪ ਕੁਛ ਦੇਰ ਬਾਅਦ ਵਾਪਸ ਆ ਜਾਂਦਾ ਏਸੇ ਕਰਕੇ ਭਰਾ ਭਰਜਾਈ ਉਸ ਦੇ ਘਰੋਂ ਬਾਹਰ ਜਾਣ ਦੀ ਪ੍ਰਵਾਹ ਘੱਟ ਹੀ ਕਰਦੇ।

ਦੀਪੇ ਦੇ ਪੈਦਾ ਹੋਣ ਤੋਂ ਬਾਅਦ ਮਨਜੀਤ ਅਤੇ ਭੋਲੀ ਪੈਦਾ ਹੋਈਆਂ। ਪਿਆਰ ਤਾਂ ਉਹ ਕੁੜੀਆਂ ਨੂੰ ਬਹੁਤ ਕਰਦੇ ਸਨ ਪਰ ਦੀਪਾ ਮੰਡਾ ਹੋਣ ਕਰਕੇ ਘਰ ਦਾ ਵਾਰਿਸ ਹੋਣ ਕਰਕੇ ਉਸ ਨੂੰ ਲਾਡ ਹੱਦੋਂ ਵੱਧ ਕਰਦੇ ਹਰ ਜਾਇਜ ਨਾਜਾਇਜਨ ਜਰੂਰਤ ਪੂਰੀ ਕਰਨ ਵਿਚ ਮਾਂ – ਪਿਓ ਆਪਣੀ ਖੁਸ਼ੀ ਤੇ ਇੱਜਤ ਸਮਝਦੇ। ਬੱਚੇ ਦੀ ਜਦ ਜਾਇਜ ਨਾਜਾਇਜ ਜਰੂਰਤ ਪੂਰੀ ਹੋਵੇਗੀ ਤਾਂ ਉਸ ਨੂੰ ਫਿੱਟ ਤਾਂ ਚੜੇਗੀ। ਦੀਪਾ ਗੁੱਸੇਖੋਰ ਅਤੇ ਜਿਦ ਸੁਭਾਅ ਦਾ ਬਣ ਗਿਆ। ਗਿਆਨ ਕੌਰ ਅਕਸਰ ਬਿਮਾਰ ਰਹਿਣ ਲੱਗ ਪਈ। ਜਰਨੈਲ ਸਿੰਘ ਗਿਆਨ ਕੌਰ ਤੇ ਪੈਸਾ ਪਾਣੀ ਦੀ ਤਰ੍ਹਾ ਬਹਾ ਰਿਹਾ ਸੀ। ਘਰ ਦਾ ਕੰਮ ਅਕਸਰ ਬਸੰਤ ਸਿੰਘ ਕਰਦਾ ਸੀ। ਇਕ ਤਾਂ ਗਿਆਨ ਕੌਰ ਬਿਮਾਰ ਰਹਿੰਦੀ ਅਤੇ ਦੂਜਾ ਹੱਡ ਹਰਾਮ ਉਸ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਅੱਗੋਂ ਕੁੜੀਆਂ ਵੀ ਬੇ ਅੱਕਲੀਆਂ ਤੇ ਢੀਠ ਸਨ। ਘਰ ਸਬਜੀ ਬਹੁੱਤ ਘੱਟ ਬਣਦੀ ਰੋਟੀ ਜਾਂ ਤਾਂ ਛੋਲਿਆਂ ਨਾਲ ਜਾਂ ਫਿਰ ਪਕੌੜਿਆਂ ਨਾਲ ਲਿਉਂਦਾ। ਝਾੜੂ ਪੋਚਾ

ਤੱਕ ਕਈ ਵਾਰ ਬਸੰਤ ਸਿੰਘ ਕਰਦਾ । ਬਸੰਤ ਸਿੰਘ ਦਿਲੋਂ ਬੱਚਿਆਂ ਨਾਲ ਪਿਆਰ ਕਰਦਾ ਅਕਸਰ ਬਸੰਤ ਸਿੰਘ ਬੱਚਿਆਂ ਨੂੰ ਆਪਣੇ ਨਾਲ ਲਈ ਫਿਰਦਾ । ਬੱਚੇ ਅਕਸਰ ਚਾਚਾ ਚਾਚਾ ਕਹਿੰਦੇ ਬਸਮਤ ਸਿੰਘ ਬੱਚਿਆਂ ਉਪਰ ਜਾਨ ਦੇਂਦਾ । ਬਸੰਤ ਸਿੰਘ ਆਟੇ ਵਾਲੀ ਚੱਕੀ ਉਪਰ ਕੰਮ ਕਰਦਾ । ਬਸੰਤ ਸਿੰਘ ਚੱਕੀ ਉਪਰ ਟਿਕ ਕੇ ਕੰਮ ਕਰਨ ਕਰਕੇ ਚੱਕੀ ਦੇ ਮਾਲਕ ਦਾ ਵਫਾਦਾਰ ਬਣ ਗਿਆ ।

ਬਲਵੰਤ ਸਿੰਘ ਗਿਆਨ ਕੌਰ ਦਾ ਭਰਾ ਸੀ । ਗੁਰਦੁਆਰੇ ਦਾ ਸੇਵਦਾਰ ਜਦ ਪਿੰਡੋ ਸ਼ਹਿਰ ਆਉਂਦਾ ਦੋ ਦੋ ਤਿੰਨ ਤਿੰਨ ਦਿਨ ਗਿਆਨ ਕੌਰ ਕੋਲ ਸ਼ਹਿਰ ਰਹਿੰਦਾ । ਬੱਚਿਆਂ ਨੂੰ ਖਾਣ ਲਈ ਚੀਜਾਂ ਦੇਂਦਾ ਤੇ ਖੂਬ ਪੈਸੇ ਖਰਚਾਓਂਦਾ ਗੋਲਿਆਂ ਦੀ ਤਰਾਂ ਚਾਈਂ ਚਾਈਂ ਭੈਣ ਦੇ ਘਰ ਦਾ ਕੰਮ ਕਰਦਾ । ਭੈਣ ਦੇ ਘਰ ਦਾ ਕੰਮ ਕਰਨ 'ਚ ਬਲਵੰਤ ਸਿੰਘ ਨੂੰ ਦਿਲੋਂ ਖੁਸ਼ੀ ਹੁੰਦੀ । ਜਦ ਬਲਵੰਤ ਸਿੰਘ ਪਿੰਡ ਚਲਾ ਜਾਂਦਾ ਬੱਚੇ ਤੇ ਗਿਆਨ ਕੌਰ ਬਹੁੱਤ ਉਦਾਸ ਹੁੰਦੇ । ਕਈ ਕਈ ਦਿਨ ਦਿਲ ਨਾ ਲਗਦਾ ਕਿਸੇ ਨਾਲ ਚਾਹੇ ਸਾਰੇ ਬੱਚੇ ਸ਼ਹਿਰ ਚੰਗੇ ਚੰਗੇ ਸਕੂਲਾਂ ਵਿਚ ਪੜ੍ਹਦੇ ਸਨ ਪਰ ਪੜ੍ਹਾਈ 'ਚ ਕਿਸੇ ਦੀ ਵੀ ਕੋਈ ਖਾਸ ਦਿਲਚਸਪੀ ਨਹੀਂ ਸੀ । ਦੀਪਾ ਪੜ੍ਹਾਈ 'ਚ ਨਿੱਲ ਫਿਲਮ ਵੇਖਣਾ ਬਾਹਰ ਫਿਰਨਾ ਅਤੇ ਪਤੰਗ ਬਾਜੀ ਰੱਜ ਕੇ ਕਰਦਾ । ਇਕ ਦੋ ਵਾਰ ਗੁੱਡੀ ਉਡਾਉਂਦਾ ਡਿੱਗ ਵੀ ਪਿਆ ਸੀ ਇਕ ਵਾਰ ਗੰਬੀਰ ਜਖਮੀ ਹੋਇਆ ਸੀ ਤੇ ਦੂਸਰੀ ਵਾਰ ਮਾਮੂਲੀ ਸੱਟਾਂ ਲੱਗੀਆਂ ਸਨ ।

ਬਲਵੰਤ ਸਿੰਘ ਕਿਸੇ ਗੱਲ ਕਰਕੇ ਵੱਡੇ ਭਰਾ ਭਰਜਾਈ ਨਾਲੋਂ ਗੁੱਸੇ ਹੋ ਕੇ ਆਪਣੇ ਭਰਾ ਇਕਬਾਲ ਸਿੰਘ ਕੋਲ ਚਲਾ ਗਿਆ ।ਇਕਬਾਲ ਤੇ ਉਸ ਦੀ ਜਨਾਨੀ ਨੂੰ ਬਿਲਕੁਲ ਉਮੀਦ ਨਹੀਂ ਸੀ ਕੇ ਬਲਵੰਤ ਸਿੰਘ ਪਿੰਡ ਆਵੇਗਾ । ਦੋਵੇਂ ਜਨਾਨੀ ਆਦਮੀ ਨੇ ਮੁਰਗਾ ਹੱਥ ਆਇਆ ਵੇਖ ਕੇ ਝੱਟ ਝਪਟਨ ਦੀ ਤਿਆਰੀ ਕਰ ਲਈ ਬਲਵੰਤ ਸਿੰਘ ਨੂੰ ਹੱਥਾਂ ਉਪਰ ਚੁੱਕ ਲਿਆ । ਬਲਵੰਤ ਸਿੰਘਦੀ ਸੇਵਾ ਟਹਿਲ ਕੀਤੀ । ਕੁੱਝ ਬੁਰਾਈਆਂ ਜਰਨੈਲ ਸਿੰਘ ਅਤੇ ਗਿਆਨ ਕੌਰ ਦੀਆਂ ਕੀਤੀਆਂ ਪੂਰੀ ਤਰਾਂ ਗੁਮਰਾਹ ਕਰਨ ਦੀ ਉਨ੍ਹਾ ਨੇ ਕੋਸ਼ਿਸ਼ ਕੀਤੀ । ਪਿੰਡ 'ਚ ਜਰਨੈਲ ਸਿੰਘ ਦਾ ਲੰਗੋਟੀਆ ਯਾਰ ਦੇਬੂ ਜਦ ਤਉਸ ਨੂੰ ਪਤਾ ਲੱਗਾ ਬਲਵੰਤ ਸਿੰਘ ਸ਼ਹਿਰੋਂ ਪਿੰਡ ਆਇਆ ਹੈ ਉਸ ਨੂੰ ਚਿੰਤਾ ਹੋ ਗਈ ਇਕਬਾਲ ਤੇ ਉਸ ਦੀ ਜਨਾਨੀ ਦੇ ਕਾਰੇ ਉਸ ਨੂੰ ਪਤਾ ਹੀ, ਉਸ ਨੂੰ ਹੀ ਨਹੀਂ ਇਸ ਦੇ ਬਾਰੇ ਸਰੇ ਸਾਰਾ ਪਿੰਡ ਜਾਣਦਾ ਸੀ ਕਿਵੇਂ ਜਮੀਨ ਦੀ ਖਾਤਿਰ ਸਿੱਧੇ ਸਾਧੇ ਅਮਰ ਸਿੰਘ ਨੂੰ ਸ਼ਰਾਬ ਵਿਚ ਕੁੱਝ ਦੇ ਕੇ ਮਾਰ ਦਿਤਾ ਸੀ ਤੀਵੀਂ ਆਦਮੀ ਦੋਵੇਂ ਲੁੱਚੇ ਹੋਣ ਕਰਕੇ ਕਿਸੇ ਨੇ ਵੀ ਮੂੰਹ ਨਹੀ ਸੀ ਖੋਲਿਆ ।ਕਿਸੇ ਨਾ ਕਿਸੇ ਤਰੀਕੇ ਦੇਬੂ ਨੇ ਜਰਨੈਲ ਸਿੰਘ ਨੂੰ ਫੋਨ ਕਰ ਦਿਤਾ ਤੇ ਕਿਹਾ :-

" ਜਰਨੈਲ ਸਿੰਹਾ ਤੈਨੂੰ ਤੇਰੇ ਭਰਾ ਦਾ ਪਤਾ ਹੈ ਕਿਥੇ ਹੈ ?"

" ਕਿਉਂ ਕੀ ਹੋਇਆ ?"

" ਜਰਨੈਲ ਸਿੰਹਾ ਕਿਵੇਂ ਭੇਲੀਆਂ ਮਾਰੀ ਜਾ ਰਿਹਾਂ ਹੈ ਬਲਵੰਤ ਸਿੰਘ ਉਸ ਕੋਲ ਮਰਨ ਆਇਆ ਹੈ ਸਭ ਨੂੰ ਪਤਾ ਹੈ ਕੇ ਜਮੀਨ ਦੀ ਖਾਤਿਰ ਭੋਲੇ ਭਾਲੇ ਅਮਰ ਸਿੰਘ ਨੂੰ ਇਕਬਾਲ ਤੇ ਉਸ ਦੀ ਜਨਾਨੀ ਨੇ ਸ਼ਰਾਬ 'ਚ ਕੁਝ ਦੇ ਕੇ ਮਾਰ ਦਿਤਾ ਸੀ ।

" ਭਾਊ ਦੇਬੂ ਮੈਨੂੰ ਸਭ ਪਤਾ ਹੈ ਸਾਡਾ ਬਲਵੰਤ ਹੀ ਮੂਰਖ ਹੈ ਛੋਟੀ ਜਿਹੀ ਗੱਲ ਤੋਂ ਝਗੜਾ ਕਰ ਕੇ ਪਿੰਡ ਦੌੜ ਆਇਆ ਹੈ ।

" ਜਰਨੈਲ ਸਿੰਹਾ ਬਲਵੰਤ ਆ ਤਾਂ ਗਿਆ ਹੈ ਜਮੀਨ ਤੇ ਅੰਗੂਠਾ ਲਗਵਾ ਕੇ ਇਸ ਨੂੰ ਵੀ ਮਾਰ ਮੁਕਾ ਦੇਣਾ ਹੈ ਕੁੱਝ ਤਾਂ ਸਮਝ ਕਰਦੇ ਕਿਉਂ ਆਣ ਦਿਤਾ ਇਸ ਨੂੰ ਪਿੰਡ । ਦੇਬੂ ਹਿਰਖ ਤੇ ਗੁੱਸੇ ਨਾਲ ਜਰਨੈਲ ਸਿੰਘ ਨਾਲ ਟੈਲੀਫੋਨ ਉਪਰ ਗੱਲ ਕਰ ਰਿਹਾ ਸੀ ।

" ਦੇਬੂ ਵੀਰੇ ਤੂੰ ਇਸ ਮੂਰਖ ਨੂੰ ਬਚਾ ਲੈ ਕਿਸੇ ਤਰੀਕੇ ਰਾਤ ਬਰਾਤੇ ਇਸ ਨੂੰ ਕੱਢ ਦੇ ਪੈਸੇ ਮੈਂ ਆਪੇ ਤੈਨੂੰ ਦੇ ਦੇਵਾਗਾ ।

" ਪੈਸੇ ਦੀ ਕੋਈ ਗੱਲ ਨਹੀਂ ਜਰਨੈਲ ਸਿੰਘ ਸ਼ਰਾਬ ਪਿਲਾ ਪਿਲਾ ਕੇ ਬਲਵੰਤ ਦੀ ਮੱਤ ਮਾਰ ਰਹੇ ਹਨ । ਕੋਈ ਗੱਲ ਨਹੀਂ ਚੰਗਾ ਮੌਕਾ ਵੇਖ ਕੇ ਮੈਂ ਬਲਵੰਤ ਨੂੰ ਕੱਢ ਦੇਵਾਂਗਾ ਪਿੰਡੋ ............।

ਜਦ ਵੀ ਇਕਬਾਲ ਬਲਵੰਤ ਨੂੰ ਕਾਗਜਾਂ ਉਪਰ ਅੰਗੂਠਾ ਲਾਉਣ ਨੂੰ ਕਹਿੰਦਾ ਤੇ ਬਲਵੰਤ ਆਲੇ ਟਾਲੇ ਕਰ ਜਾਂਦਾ, ਜਨਾਨੀ ਆਦਮੀ ਨੂੰ ਫੜਕ ਪਈ ਕੇ ਮੁਰਗਾ ਏਨੀ ਛੇਤੀ ਹੱਥ ਨਹੀਂ ਆਣ ਵਾਲਾ ਵਰਤਣ ਲੱਗੇ ਹਰ ਤਰਾਂ ਦੇ ਹੱਥਕੰਡੇ । ਬਲਵੰਤ ਸਿੰਘ ਵੀ ਆਪਣੇ ਆਪ ਨੂੰ ਫਸਿਆ ਫਸਿਆ ਮਹਿਸੂਸ ਕਰ ਰਿਹਾ ਸੀ ਪੈਸਾ ਤੇਲਾ ਉਸ ਦੇ ਪੱਲੇ ਨਹੀਂ ਸੀ ਸ਼ਹਿਰੋਂ ਆਣ ਕੇ ਉਸ ਬਹੁੱਤ ਵੱਡੀ ਗਲਤੀ ਕੀਤੀ ਹੁਣ ਉਹ ਪਛਤਾ ਰਿਹਾ ਸੀ । ਮੌਕਾ ਵੇਖ ਕੇ ਦੇਬੂ ਨੇ ਉਸ ਨੂੰ ਟਿਊਬਵੈਲ ਤੇ ਬੁਲਾ ਲਿਆ ਬੰਬੀ ਵਾਲੇ ਕਮਰੇ ਦੋਵੇਂ ਮੰਜੇ ਉਪਰ ਬੈਠੇ ਤੇ ਦੇਬੂ ਬਲਵੰਤ ਨੂੰ ਕਲਾਵੇ 'ਚ ਲੈਂਦਾ ਬੋਲਿਆ, "ਮੂਰਖਾ ਸ਼ਹਿਰੋਂ ਕਿਉਂ ਆਇਆ ਜੇ ਜਰਨੈਲ਼ ਤੇ ਭਾਬੀ ਨਾਲ ਕੋਈ ਗੱਲ ਸੀ ਤਾਂ ਬਹਿ ਕੇ ਕਹਿ ਦੇਣੀ ਸੀ ਛੋਟੇ ਹੁੰਦੇ ਤੋਂ ਤੈਨੂੰ ਪਾਲ ਪਲੋਸ ਇਨਾ ਵੱਡਾ ਕੀਤਾ ਭਲਾ ਉਹ ਤੇਰੇ ਵੈਰੀ ਹਨ । ਤੂੰ ਜੇ ਮਰਨ ਪਿੰਡ ਆ ਗਿਆ ।

ਸੱਚ ਹੀ ਮੱਤ ਤੇ ਪੜ੍ਹਦਾ ਹੀ ਪੈ ਗਿਆ ਸੀ ਭਰਾ ਭਰਜਾਈ ਮੈਨੂੰ ਬਹੁੱਤ ਪਿਆਰ ਕਰਦੇ ਨੇ ਮੈਂ ਹੀ ਉਹਨਾਂ ਦੇ ਪਿਆਰ ਦੀ ਕਦਰ ਨਹੀਂ ਪਾਈ ਤੇ ਦੌੜ ਆਇਆ ਪਿੰਡ ............ ।

" ਭਾਈ ਇਕਬਾਲ ਨੇ ਅਮਰ ਨੂੰ ਤਾਂ ਮਾਰਿਆ ਹੀ ਸੀ ਤੈਨੂੰ ਸਭ ਪਤਾ ਹੀ ਹੈ । ਪੁਲਿਸ ਦੀ ਮੁੱਠੀ ਬੰਦ ਕਰ ਦਿਤੀ ਉਸ ਦਾ ਕੁੱਝ ਵੀ ਨਹੀਂ ਸੀ ਵਿਗੜਿਆ ਤੇਰਾ ਵੀ ਇਹਨਾਂ ਨੇ ਮੱਕੂ ਠੱਪ ਦੇਣਾ ਹੈ ......... ''।

" ਦੇਬੂ ਭਾ ਐਵੇਂ ਗੁੱਸਾ ਜਿਹਾ ਆ ਗਿਆ ਸੀ । ਦੀਪਾ ਤਾਂ ਮੇਰਾ ਭਤੀਜਾ ਪੱਤਾਂ ਨਾਲੋਂ ਵੀ ਵੱਧ ਪਿਆਰਾ ਹੈ ।ਮੇਰੀ ਮੱਤ ਮਾਰੀ ਗਈ ਜਿਆਦਾ ਸ਼ਰਾਬ ਪੀਣ ਨਾਲ ਸਭ ਕੁੱਝ ਹੋਇਆ ।

" ਹੁਣ ਰਾਤੋ ਰਾਤ ਏਥੋਂ ਦੌੜ ਜਾ ਜੇ ਜਾਨ ਪਿਆਰੀ ਹੈ ਤਾਂ ਕੁੱਝ ਲਿਖ ਲੁਖ ਕੇ ਤਾਂ ਨਹੀਂ ਦਿਤਾ ਏਨਾਂ ਨੂੰ ...... ।

" ਮੈਨੂੰ ਭਾਬੀ ਬੜਾ ਕਹਿੰਦੀ ਸੀ ਕਿ ਸ਼ਹਿਰ ਕੀ ਰੱਖਿਆ ਹੈ, ਸ਼ਹਿਰ ਜਰਨੈਲ ਭਾਅ ਉਤੇ ਗਿਆਨ ਕੌਰ ਭਾਬੀ ਨੇ ਤਾਂ ਤੈਨੂੰ ਨੌਕਰ ਬਣਾ ਕੇ ਰੱਖਿਆ ਤੇਰੀ ਜਮੀਨ ਦੇ ਕਾਰਨ ਤੇਰਾ ਵਿਆਹ ਨਹੀਂ ਕਰਦੇ । ਅਸੀਂ ਤਾਂ ਤੇਰੇ ਲਈ ਤੀਵੀਂ ਵੀ ਵੇਖ ਰੱਖੀ ਹੈ ।ਸੱਤੇ ਦੀ ਕੁੜੀ ਬੀਰੋ ਨਾਲ ਤੇਰਾ ਸਾਕ ਕਰ ਦੇਵਾਂਗੇ ......।

" ਭੁੱਲ ਕੇ ਵੀ ਹਾਂ ਨਾਂ ਕਰ ਦੇਵੀਂ ਸੱਤਾ ਤਾਂ ਪੂਰੇ ਦਾ ਪੂਰਾ ਕੰਜਰ ਹੈ ਪੱਕਾ ਦਲਾਲ ਹੈ ਤੀਵੀਂ ਦਾ ਧੰਦਾ ਕਰਦਾ ਹੈ ਬੀਰੋ ਵੀ ਕਿਹੜੀ ਚੰਗੀ ਹੈ ਪਤਾ ਨਹੀਂ ਕਿਨਿਆਂ ਨਾਲ ਮੂੰਹ ਮਾਰਦੀ ਫਿਰਦੀ ਹੈ । ਰੱਬ ਨੂੰ ਜਾਨ ਦੇਣੀ ਹੈ ਸੁਣਿਆ ਹੈ ਕਿ ਸੱਤਾ ਤਾਂ ਬੀਰੋ ਦੀ ਦਲਾਲੀ ਖਾਂਦਾ ਹੈ ।

" ਅੱਛਾ ਦੇਬੂ ਭਾਅ ਇਨ੍ਹਾਂ ਗੰਦਾ ਬੰਦਾ ਹੈ ........... । ਹੁਣ ਦੱਸ ਮੈਂ ਕੀ ਕਰਾਂ ?

" ਕਰਨਾ ਕਰਾਉਣਾ ਕੀ ਹੈ ਆਹ ਲੈ ਫੜ ਪੈਸੇ ਰਾਤੋ ਰਾਤ ਮੈਂ ਤੈਨੂੰ ਪਿਛੋਂ ਕੱਡ ਦੇਂਦਾ ਹਾਂ ਕਿਸੇ ਤਰੀਕੇ, ਜਰਨੈਲ ਨੂੰ ਸਭ ਗੱਲ ਦਾ ਪਤਾ ਹੈ ਉਸ ਨੇ ਹੀ ਤੈਨੂੰ ਇਥੋਂ ਕੱਢਣ ਦੀ ਸਲਾਹ ਦਿਤੀ ਸੀ ।

" ਵਾਹਿਗੁਰੂ ਤੇਰਾ ਭਲਾ ਕਰੇ ਤੇਰਾ ਪੁੰਨ ਹੋਵੇ ਮੇਰੇ ਕੋਲ ਤਾਂ ਕੋਈ ਪੈਸਾ ਧੇਲਾ ਵੀ ਨਹੀਂ ਤੂੰ ਤਾਂ ਭਾਅ ਮੇਰੇ ਲਈ ਰੱਬ ਤੋਂ ਘੱਟ ਨਹੀਂ ।

ਬਾਲ੍ਹੀਆਂ ਗੱਲਾਂ ਦਾ ਟੈਮ ਨਹੀਂ, ਜਰਨੈਲ ਮੇਰਾ ਪੱਗ ਵੱਟ ਭਰਾ ਹੈ । ਭੱਜ ਜਾ ਭਰਾ ਭਰਜਾਈ ਕੋਲ ਕਿਵੇਂ ਬੱਚਿਆ ਵਾਂਗ ਤੈਨੂੰ ਪਾਲਿਆ ਹੈ ।

ਇਸ ਤਰ੍ਹਾਂ ਬਲਵੰਤ ਪਿਛੋਂ ਦੌੜ ਕੇ ਸ਼ਹਿਰ ਜਰਨੈਲ ਕੋਲ ਆ ਗਿਆ । ਬਲਵੰਤ ਸਿੰਘ ਨੇ ਜਮੀਨ ਆਪਣੇ ਭਤੀਜੇ ਦਲੀਪ ਸਿੰਘ ਦੇ ਨਾਂ ਕਰ ਦਿਤੀ । ਜਰਨੈਲ ਸਿੰਘ ਨੇ ਬਲਵੰਤ ਨੂੰ ਸ਼ਹਿਰ 'ਚ ਮਕਾਨ ਵੀ ਲੈ ਕੇ ਦੇ ਦਿਤਾ । ਜਦ ਵਿਆਹ ਦੀ ਗੱਲ ਚਲੀ ਤਾਂ ਮਾੜੀ ਮੋਟੀ ਨਾਂਹ ਨੁੱਕਰ ਕਰਨ ਦੇ ਬਾਅਦ ਬਲਵੰਤ ਮੰਨ ਗਿਆ ਜਨਾਨੀ ਕੁੱਝ ਚਿਰ ਹੀ ਰਹੀ ਮਾਂ ਪਿਉ ਨੂੰ ਮਿਲਣ ਗਈ ਤਾਂ ਮੁੜ੍ਹ ਬਲਵੰਤ ਕੋਲ ਵਾਪਸ ਨਾਂ ਆਈ । ਕੁੱਝ ਮਹੀਨੇ ਹੀ ਰਹੀ ਦਲੀਪ ਸਿੰਘ ਮੋਟੀ ਬੁੱਧੀ ਦਾ ਮਾਲਕ ਹੋਣ ਕਰਕੇ ਆਪਣੀ ਜਮੀਨ ਚਾਚੇ ਨੇ ਜੋ ਦਲੀਪ ਸਿੰਘ ਦੇ ਨਾਮ ਕਰਾਈ ਸੀ ਉਹ ਉਸ ਨੇ ਚੁੱਕ ਕੇ ਆਪਣੀ ਜਨਾਨੀ ਦੇ ਨਾਮ ਕਰ ਦਿਤੀ । ਬੰਦਾ ਪੁੱਛੇ ਆਪਣੇ ਨਾਮ ਜਮੀਨ ਕੁੱਛ ਕਹਿੰਦੀ ਸੀ । ਦੀਪੇ ਨੂੰ ਅਗਰ ਕਰਨ ਹੀ ਤਾਂ ਦੋਵੇਂ ਜਨਾਨੀ ਆਦਮੀ ਆਪਣੇ ਨਾਮ ਕਰਵਾਉਂਦੇ ਏਸੇ ਹਾਲ ਤੋਂ ਮਾਸੀ ਮਾਸੜ ਦੋਵੇਂ ਕਾਫੀ ਨਾਰਾਜ ਰਹਿਣ ਲੱਗ ਪਏ ਸਨ ਦਲੀਪ ਨਾਲ । ਮਾਸੀ ਮਾਸੜ ਨੇ ਦੋਵੇਂ ਕੁੜੀਆਂ ਦੇ ਵਿਆਹ ਵੀ ਕਰ ਦਿਤੇ ਸਨ ਛੋਟੀ ਕੁੜੀ ਰੱਜ ਕੇ ਸੋਹਣੀ ਤੇ ਚੰਗੇ ਘਰ ਗਈ । ਵੱਡੀ ਕੁੜੀ ਖ਼ੂਬਸੂਰਤ ਵੀ ਨਹੀਂ ਤੇ ਸਰੀਰ ਪੱਖੋਂ ਵੀ ਭਾਰੀ ਸੀਪੜ੍ਹੀ ਤਾਂ ਸੀ ਪਰ ਜਰਨਲ ਨੌਲਜ ਨਾਂਹ ਦੇ ਬਰਾਬਰ ਸੀ ।

ਪਹਿਲੇ ਪਹਿਲ ਪੰਕਜ ਦਾ ਮਾਸੀ ਗਰ ਆਉਣਾ ਜਾਣਾ ਲੱਗਾ ਰਹਿੰਦਾ ਸੀ । ਮਾਸੀ ਪੰਕਜ ਨੂੰ ਬਹੁੱਤ ਪਿਆਰ ਕਰਦੀ ਸੀ । ਮਾਸੜ ਨੌਕਰੀ ਤੋਂ ਸੇਵਾ ਮੁੱਕਤ ਹੋ ਗਿਆ ਦਲੀਪ ਸਿੰਗ ਨੂੰ ਸ਼੍ਰੋਮਣੀ ਕਮੇਟੀ ਵਿਚ ਇੰਸਪੈਕਟਰ ਦੀ ਨੌਕਰੀ ਦਵਾ ਦਿਤੀ । ਮਾਸੜ ਤੇ ਪੰਕਜ ਦੀ ਆਪਸ ਵਿਚ ਖ਼ੂਬ ਬਣਦੀ ਮਾਸੜ ਅਕਸਰ ਪੰਕਜ ਨਾਲ ਗੱਲੀਂ ਪੈ ਜਾਂਦਾ ਜੋ ਉਸ ਨੂੰ ਠੀਖ ਲੱਹਦਾ ਉਹ ਪੰਕਜ ਨੂੰ ਕਹਿੰਦਾ ਦਲੀਪ ਪੱਖੋਂ ਮਾਸੜ ਕੋਈ ਖੁਸ਼ ਨਹੀਂ ਸੀ । ਦਲੀਪ ਸਿੰਘ ਦੀਆਂ ਆਪ ਹੁਦਰੀਆਂ ਹਰਕਤਾਂ ਕਾਰਨ ਮਾਸੜ ਦਲੀਪ ਦੇ ਦਿਲੋਂ ਦੂਰ ਹੋ ਰਿਹਾ ਸੀ ਦਿਨੋ ਦਿਨ ।ਪੰਕਜ ਬੇਟਾ ਦੀਪਾ ਤਾਂ ਨੋਕਰੀ ਕਰਨਾ ਹੀ ਨਹੀਂ ਚਏਹੁੰਦਾ ਸੀ ਜੋਰ ਜਬਰਦਸਤੀ ਮੈਂ ਕਰਵਾਇਆ ਇਸ ਨੂੰ ਤੈਨੂੰ ਪਤਾ ਸਾਰੇ ਐਮ. ਐਲ, ਏ. ਮੇਰੇ ਸੱਜਣ ਮਿੱਤਰ ਹਨ ਫਿਰ ਹਕੂਮਤ ਵੀ ਤਾਂ ਅਕਾਲੀਆਂ ਦੀ ਹੈ ਸਾਡੀ ਆਪਣੀ । ਮੈਂ ਵੀ ਕਾਫੀ ਸਮਾਂ ਕਮੇਟੀ ਵਿਚ ਨੋਕਰ ਰਿਹਾਂ । ਇਸ ਨੇ ਬਹੁੱਤ ਢਿੱਲ ਮੱਠ ਕੀਤੀ ਸੀ ਤੇਰੀ ਮਾਸੀ ਨੇ ਖ਼ੂਬ ਦੱਬਕੇ ਮਾਰੇ ਤਾਂ ਇਸ ਦੇ ਦਿਮਾਗ ਵਿਚ ਗੱਲ ਪਈ ਸੁੱਖ ਨਾਲ ਤਨਖਾਹ ਵੀ ਚੰਗੀ ਚੋਖੀ ਹੈ ।

"ਗੱਲ ਤਾਂ ਤੁਹਾਡੀ ਮਾਸੜ ਜੀ ਠੀਕ ਹੈ ਦੀਪੇ ਨੂੰ ਤੁਹਾਡੀ ਗੱਲ ਛੇਤੀ ਮੰਨ ਲੈਣੀ ਚਾਹੀਦੀ ਸੀ ਤੁਹਾਡੀ ਜਾਣ ਪਛਾਣ ਵੀ ਏਨ੍ਹੀ ਹੈ ਅੱਜ ਕੱਲ ਤਾਂ ਲੋਕ ਨੋਕਰੀਆਂ ਪਿੱਛੇ ਤਰਲੇ ਮਾਰਦੇ ਫਿਰਦੇ ਹਨ ਲੋਕਾਂ ਦੇ ।ਬੁੱਕਾਂ ਦਾ ਬੁੱਕ ਪੈਸੇ ਲਈ ਫਿਰਦੇ ਹਨ ਫਿਰ ਵੀ ਉਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਆਉਂਦਾ । ਪੰਕਜ ਮਿਲਦਿਆ ਦੀਆਂ ਗੱਲਾਂ ਹਨ ਇਸ ਨੂੰ ਤਾਂ ਮੈਂ ਪੰਜਾਬ ਪੁਲਿਸ ਕਰਵਾ ਦੇਣਾ ਸੀ ਇਹ ਮਨਿਆਂ ਨਹੀਂ । ਜਿਨ੍ਹਾਂ ਨੂੰ ਨੋਕਰੀਆਂ ਨਹੀਂ ਮਿਲਦੀਆਂ ਉਹਨਾਂ ਨੂੰ ਪੱਛ ਕੇ ਵੇਖੋ ।ਮੈਂ ਤਾਂ ਜਗਮੋਹਨ ਨੂੰ ਵੀ ਕਿਹਾ ਸੀ ਕਿ ਤੂੰ ਦਰਬਾਰ ਸਾਹਿਬ ਚ ਸੇਵਾਦਾਰ ਲੱਗ ਜਾ ਪੈਸਿਆਂ ਦਾ ਮੈਂ ਆਪੇ ਇੰਤਜਾਮ ਕਰ ਲਵਾਂਗਾ । ਪਰ ਉਹ ਆਂਪਣੀ ਮਾਂ ਦਾ ਪੱਲਾ ਛਡੇ ਤਾਂ ਕੁਝ ਕਰੇ ਆਕੜ ਹੀ ਆਕੜ ਸੁੱਕੀ ਹੈ ਹੱਥ ਪੱਲੇ ਕੁੱਝ ਨਹੀਂ ਘਰ 'ਚ ਭੰਗ ਭੁੱਜਦੀ ਹੈ ਲੱਸੀ ਤੇ ਚੱਟਨੀ ਨਾਲ ਰੋਟੀ ਖਾਂਦੇ ਨੇ । ਕੁੜੀ ਨੂੰ ਵੱਖ ਤੰਗ ਕਰਦੇ ਹਨ ਜਿਨ੍ਹਾਂ ਨੂੰ ਬਗੈਰ ਹੱਥ ਪੈਰ ਮਾਰੇ ਸਭ ਕੁੱਝ ਮਿਲਦਾ ਹੈ ਉਹ ਕੁੱਝ ਲੈਣ ਨੂੰ ਤਿਆਰ ਨਹੀਂ ਜਿਨ੍ਹਾਂ ਨੂੰ ਕੁੱਝ ਮਿਲਦਾ ਨਹੀਂ ਉਹ ਤਰਲੇ ਮਾਰਦੇ ਨੇ ਮਾਸੜ ਜੀ ਜਗਮੋਹਨ ਬੰਦਾ ਤਾਂ ਚੰਗਾ ਹੈ ਬਚਪਨ ਦਾ ਦੋਸਤ ਹੈ ਮੇਰਾ, ਨਹੀਂ ਪੁੱਤ ਸਿਆਣੇ ਕਹਿੰਦੇ ਨੇ ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ । ਅਸੀਨ ਤੇਰੀ ਮੰਮੀ ਭੈਣ ਕਰਕੇ

ਚੁੱਪ ਹਾਂ । ਭੋਲੀ ਅਸੀਂ ਭੈਣ ਦੀ ਝੋਲੀ ਪਾਈ ਹੈ । ਉਹ ਜੋ ਕਰੇਗੀ ਠੀਕ ਕਰੇਗੀ ਅਸ਼ੀਂ ਉਸ ਦੀ ਗੱਲ ਨਹੀਂ ਮੋੜ ਸਕਦੇ । ਪਰ ਮੇਰਾ ਮਨ ਭੋਲੀ ਵੱਲੋਂ ਸੁੱਖੀ ਨਹੀਂ । ਨਾਲ ਬੈਠੀ ਗਿਆਨ ਕੌਰ ਵੀ ਦਿਲ ਭਰਦੀ ਹੋਈ ਪੰਕਜ ਪੁੱਤ ਮਾਸੜ ਤੇਰਾ ਠੀਕ ਕਹਿੰਦਾ ਹੈ ਲਾਡਾਂ ਨਾਲ ਪਾਲੀ ਹੈ ਭੋਲੀ, ਅਸੀਂ ਦਬਕਾ ਤੱਕ ਨਹੀਂ ਮਾਰਿਆ ਕਦੀ । ਸੱਸ ਤੇ ਜਗਮੋਹਨ ਪਤਾ ਨਹੀਂ ਭੋਲੀ ਨੂੰ ਕੀ ਕੀ ਕਹੀ ਜਾਂਦੇ ਨੇ । ਬੰਦਾ ਮਾਂ ਪਿਓ ਦਾ ਵੀ ਵੇਖ ਜਨਾਨੀ ਦਾ ਵੀ ਖਿਆਲ ਰੱਖ । ਵਿਆਹ ਮਗਰੋਂ ਕੋਈ ਮਾਂ ਪਿਓ ਥੋੜਾ ਛਡਦਾ ਹੈ ਬੰਦੇ ਨੂੰ ਕੁੱਛ ਖਿਆਲ ਹੋਣਾ ਚਾਹੀਦਾ। ਆਪਣੀ ਜਨਾਨੀ ਦਾ ਬੰਦਾ ਨਹੀਂ ਜਨਾਨੀ ਦੀ ਗੱਲ ਸੁਣੇਗਾ ਤੇ ਹੋਰ ਕੌਣ ਸੁਣੇਗਾ ..............”।

“ਠੀਕ ਮਾਸੀ ਜੀ ਤੁਹਾਡੀ ਗੱਲ ਜਗਮੋਹਨ ਸਿਆਣਾ ਤਾਂ ਬਹੁੱਤ ਲੱਗਦਾ ਹੈ ਪਤਾ ਨਹੀਂ ਕੀ ਹੋ ਗਿਆ ਉਸ ਦੇ ਦਿਮਾਗ ਨੂੰ ?

“ਪੁੱਤ ਤੈਨੂੰ ਤਾਂ ਜਗਮੋਹਨ ਸਿੰਘ ਆਪੇ ਹੀ ਚੰਗਾ ਲੱਗਣਾ ਹੋਇਆ ਤੇਰਾ ਬਚਪਨ ਦਾ ਦੋਸਤ ਜੁ ਹੈ । ਕੁੱਛ ਸਮਝਾ ਉਸ ਨੂੰ ਭੋਲੀ ਦਾ ਵੀ ਖਿਆਲ ਰੱਖੇ ........... ।

“ਜਦ ਪੰਕਜ ਪੱਤਰਕਾਰੀ ਕਰਨ ਨਵਾਂ ਲੱਗਿਆ ਸੀ ਤਦ ਉਸ ਨੇ ਐਸ.ਜੀ.ਪੀ.ਸੀ. ‘ਚ ਆਪਣੀ ਜਾਣ ਪਛਾਣ ਕਰਨੀ ਤਦ ਉਸ ਨੂੰ ਦਲੀਪ ਸਿੰਘ ਦਾ ਖਿਆਲ ਆਇਆ ਦਲੀਪ ਸਿੰਘ ਐਸ. ਜੀ. ਪੀ. ਸੀ. ‘ਚ ਇੰਸਪੈਕਟਰ ਹੈ । ਇਹ ਗੱਲ ਸੋਚ ਕੇ ਪੰਕਜ ਦਲੀਪ ਸਿੰਘ ਦੇ ਘਰ ਗਿਆ ਮਾਸੜ ਜੀ ਨੇ ਕਿਹਾ ਪੰਕਜ ਪੁੱਤ ਦਲੀਪ ਸਿੰਘ ਤਾਂ ਦਫਤਰ ਦੇ ਕੰਮ ਬਾਹਰ ਗਿਆ ਹੈ ਹਫਤੇ ਬਾਅਦ ਆਉਣਾ ਹੈ । ਅੱਜ ਕੱਲ ਦਲੀਪ ਸਿੰਘ ਪਬਲਿਕ ਸਿਟੀ ਵਿਭਾਗ ‘ਚ ਕੰਮ ਕਰ ਰਿਹਾ ਹੈ ਕੁਛ ਦਿਨ ਬਾਅਦ ਜਦ ਉਸ ਨੂੰ ਪਤਾ ਲੱਗਾ ਕਿ ਮੈਂ ਪਤਰਕਾਰੀ ਕਰ ਰਿਹਾ ਹਾਂ ਤਾਂ ਉਸ ਨੂੰ ਬਹੁੱਤ ਖੁਸ਼ੀ ਹੋਈ । ਉਸ ਨੇ ਛੇਤੀ ਛੇਤੀ ਆਪਣੇ ਅਦਾਰੇ ਉਹਨਾਂ ਲੋਕਾਂ ਨੂੰ ਫੋਨ ਕਰ ਦਿਤੇ ਜਿਨਾਂ ਦਾ ਸੰਬੰਧ ਪੱਤਰਕਾਰੀ ਨਾਲ ਸੀ ਕਿ ਪੰਕਜ ਮੇਰੀ ਮਾਸੀ ਦਾ ਮੁੰਡਾ ਹੈ ਜਿੰਨ੍ਹੀ ਹੋ ਸਕੇ ਇਸਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ । ਦਲੀਪ ਸਿੰਘ ਦੇ ਕਾਰਨ ਪੰਕਜ ਨੂੰ ਕਾਫੀ ਮਦਦ ਮਿਲੀ ਫਿਰ ਅਕਸਰ ।ਪੰਕਜ ਦਾ ਫੋਨ ਉਪਰ ਦਲੀਪ ਸਿੰਘ ਨਾਲ ਸੰਪਰਕ ਹੁੰਦਾ ਰਿਹਾ । ਫਿਰ ਅਚਾਨਕ ਪੰਕਜ ਦਾ ਫੋਨ ਖਰਾਬ ਹੋ ਗਿਆ ਸਿਮ ਕਾਰਡ ਦੇ ਸਾਰੇ ਦੇ ਸਾਰੇ ਨੰ. ਡਲੀਟ ਹੋ ਗਏ ਵਿਚ ਹੀ ਦਲੀਪ ਸਿੰਘ ਦਾ ਨੰ. ਵੀ ਸੀ ਸੋ ਇਸ ਕਰਕੇ ਦਲੀਪ ਸਿੰਘ ਤੇ ਮਾਸੀ ਮਾਸੜ ਨਾਲ ਮੇਲ ਨਾਂ ਹੋਇਆ । ਪੰਕਜ ਨੇ ਪੱਤਰਕਾਰੀ ਕੁੱਛ ਸਮੇਂ ਲਈ ਹੀ ਕੀਤੀ ਤੇ ਪੱਤਰਕਾਰੀ ਉਸ ਨੂੰ ਰਾਸ ਨਾ ਆਈ ਤਾਂ ਉਸ ਨੇ ਪੱਤਰਕਾਰੀ ਨੂੰ ਅਲਵਿਦਾ ਕਿਹਾ ਤੇ ਆਪਣੇ ਕਾਰੋਬਾਰ ਵਿਚ ਫਿਰ ਸੈਂਟ ਹੋ ਗਿਆ ।

ਜਰਨੈਲ ਸਿੰਘ ਨੂੰ ਜਦ ਕਮੇਟੀ ਨੇ ਸੇਵਾ ਮੁੱਕਤ ਕੀਤਾ ਤਾਂ ਕਮੇਟੀ ਨੇ ਉਸਦੀ ਕੋਈ ਮਾਸਿਕ ਪੈਨਸ਼ਨ ਨਹੀ ਲਗਾਈ ਬਣਦੇ ਪੈਸੇ ਦੇ ਕੇ ਵਿਦਾ ਕਰ ਦਿਤਾ ਸੀ । ਮਾਸੀ ਮਾਸੜ ਦੀਆਂ ਜਿਮੇਂਵਾਰੀਆਂ ਦਿਨੋਂ ਦਿਨ ਵੱਧ ਰਹੀਆਂ ਸਨ । ਆਮਦਨ ਦੇ ਸਾਧਨ ਘੱਟ ਰਹੇ ਸਨ ਪਿੰਡ ਦੀ ਜਮੀਨ ਠੇਕੇ ਤੇ ਦਿਤੀ ਸੀ । ਹੁਣ ਮਾਸੜ ਥੋੜੀ ਬਹੁੱਤ ਸ਼ਰਾਬ ਪੀਣ ਲੱਗ ਪਿਆ ਸੀ । ਵੱਡੀ ਕੁੜੀ ਦੇ ਕਲੇਸ਼ ਕਾਰਨ ਕਾਫੀ ਮੁਸ਼ਕਲ ਪੈਦਾ ਹੋ ਰਹੀ ਸੀ । ਦਲੀਪ ਸਿੰਘ ਵੀ ਮਾਂ ਬਾਪ ਨੂੰ ਘੱਟ ਹੀ ਪੈਸੇ ਦੇਂਦਾ ਬਸ ਆਪਣੀ ਹੀ ਅੰਟੀ ਲੱਗਾ ਜਾਂਦਾ । ਜਨਾਨੀ ਪੈਸੇ ਨੱਪੀ ਜਾ ਰਹੀ ਸੀ । ਸੱਸ ਸੋਹਰੇ ਦੀ ਨਜਰ ਵਿਚ ਚੰਗੀ ਬਣੀ ਪਈ ਨਾਲ ਦਲੀਪ ਸਿੰਘ ਦੀਆਂ ਭੈਣ ਨਾਲ ਦਲੀਪ ਸਿੰਘ ਦੀ ਘਰਵਾਲੀ ਦਾ ਕੋਈ ਚੰਗਾ ਸਲੂਕ ਨਹੀਂ ਸੀ । ਮਾਂ ਬਾਪ ਆਪਣੇ ਆਪ ਨੂੰ ਦਲੀਪ ਸਿੰਗ ਦੇ ਅਧੀਨ ਮਹਿਸੂਸ ਕਰ ਰਹੇ ਸੀ । ਦਲੀਪ ਸਿੰਘ ਦੀ ਬੋਲੀ ਕਾਫੀ ਰੁੱਖੀ ਸੀ ਆਪਣੇ ਮਾਂ ਪਿਓ ਨਾਲ ਮਾਂ ਪਿਓ ਜਦ ਕੋਈ ਗੱਲ ਸਾਧਾਰਨ ਵੀ ਦਲੀਪ ਸਿੰਗ ਨਾਲ ਕਰਦੇ ਤਾਂ ਅੱਗੋਂ ਦਲੀਪ ਸੂਈ ਕੁੱਤੀ ਵਾਂਗ ਬੋਲਦਾ । ਦਲੀਪ ਸਿੰਗ ਭੈਣਾ ਨੂੰ ਵੀ ਘੱਟ ਮਿਲਦਾ । ਦਲੀਪ ਸਿੰਘ ਦੀਆਂ ਆਪ ਹੁੱਦਰੀਆਂ ਕਾਰਨ ਦਿਨੋਂ ਦਿਨ ਮਾਸੀ ਮਾਸੜ ਦਾ ਦਿਲ ਦੂਰ ਹੋ ਰਿਹਾ ਸੀ । ਮਾਂ ਪਿਓ ਨੇ ਦੀਪੇ ਨੂੰ ਕੀ ਨਹੀ ਦਿਤਾ । ਜਿੰਦਗੀ ਦੇ ਸਾਰੇ ਸੁੱਖ ਆਰਾਮ ਦਿਤੇ ਦੀਪ ਨੇ ਹਰ ਚੀਜ ਜਿੱਦ ਕਰਕੇ ਲਈ ਆਪਣੇ ਵਿਆਹ ‘ਚ ਆਪਣੀ ਮਰਜੀ ਕਰਕੇ ਉਸ ਨੇ ਆਪਣੇ ਪਿਓ ਦਾ ਸਿਰ ਨੀਵਾਂ ਕਰਵਾਇਆ ਸੀ ਵਿਆਹ ਦੇ ਬਾਅਦ ਦੀਪਾ ਸੱਸ ਸਹੁਰੇ ਤੇ ਸਾਲੀਆਂ ਮਗਰ ਹੋ ਗਿਆ । ਸਾਲੀਆਂ ਹੱਦੋਂ ਵੱਧ ਚਲਾਕ ਹੋਣ ਕਰਕੇ ਉਹਨਾਂ ਨੇ ਪੂਰੀ ਤਰ੍ਹਾਂ ਦੀਪੇ ਨੂੰ ਆਪਣੇ ਹੱਥ ਵਿਚ ਕਰ ਲਿਆ । ਸਹੁਰੇ ਨੇੜੇ ਹੋਣ ਕਰਕੇ ਦੀਪਾ ਅਕਸਰ ਸਹੁਰੇ ਹੀ ਰਹਿੰਦਾ ।

ਮਾਸੀ ਦੀਆਂ ਦਵਾਈਆਂ ਦਾ ਖਰਚਾ ਦਿਨੋਂ ਦਿਨ ਵੱਧ ਰਿਹਾ ਸੀ । ਪਤਾ ਨਹੀਂ ਕਿਹੜੇ ਲੇਖ ਲਿਖਾ ਕੇ ਰੱਬ ਕੋਲੋਂ ਆਈ ਸੀ ਮਾਸੀ ਨੇ ਤਾਂ ਬੱਸ ਬਿਸਤਰਾ ਹੀ ਫੜ੍ਹ ਲਿਆ ਸੀ । ਮੋਟਾਪਾ ਦਿਨੋਂ ਦਿਨ ਵੱਧ ਰਿਹਾ ਸੀ ਮਾਸੀ ਦੇ ਬੈਡ ਦੇ ਸਿਰਾਹਣੇ ਬੈਡ ਦੀ ਢੋਅ ‘ਚ ਦਵਾਈਆਂ ਦੀਆਂ ਸ਼ੀਸ਼ੀਆਂ ਦਵਾਈਆਂ ਦੇ ਪੱਤੇ ਐਕਸਰੇ ਕਮਰੇ ਵਿਚ ਦਵਾਈਆਂ ਦੀ ਬਦਬੂ ਆਉਂਦੀ । ਘਰ ਹਸਪਤਾਲ ਬਣ ਕੇ ਰਹਿ ਗਿਆ ਸੀ । ਮਾਸੀ ਦੀ ਜਾਨ ਤਾਂ ਬਸ ਆਪਣੇ ਪੋਤੇ ‘ਚ ਅਟਕੀ ਸੀ ਉਹ ਮਰਨ ਤੋਂ ਪਹਿਲਾਂ ਇਕ ਵਾਰ ਜਰੂਰ ਪੋਤੇ ਦਾ ਮੂੰਹ ਵੇਖਣਾ ਚਾਹੁੰਦੀ ਸੀ । ਦਲੀਪ ਸਿੰਘ ਦੀ ਜਨਾਨੀ ਤੀਸਰੀ ਵਾਰ ਫਿਰ ਗਰਭਵਤੀ ਹੋਈ ਪੂਰੇ ਪਰਿਵਾਰ ਨੂੰ ਮੁੰਡੇ ਦੀ ਪੂਰੀ ਉਮੀਦ ਸੀ ਪਰ ਰੱਬ ਨੂੰ ਕੁੱਛ ਹੋਰ ਹੀ ਮਨਜੂਰ ਸੀ । ਦਲੀਪ ਸਿੰਘ ਦੇ ਘਰ ਇਸ ਵਾਰ ਵੀ ਬੇਟੀ ਨੇ ਜਨਮ ਲਿਆ । ਕੁੜੀ ਹੋਣ ਕਰਕੇ ਇਸ ਵਾਰ ਫਿਰ ਸਭ ਦੇ ਮੂੰਹ ਲਟਕ ਗਏ ਕੁੱੜੀਆਂ ਨਾਲ ਪਿਆਰ ਤਾਂ

ਸੀ ਪੀੜ੍ਹੀ ਚਲਾਉਣ ਲਈ ਮੁੰਡੇ ਦਾ ਹੋਣਾ ਵੀ ਤਾਂ ਬਹੁੱਤ ਜਰੂਰੀ ਸੀ। ਚੌਥੀ ਵਾਰ ਦੀਪੇ ਦੀ ਜਨਾਨੀ ਫਿਰ ਮਾਂ ਬਨਣ ਵਾਲੀ ਹੋਈ ਇਸ ਵਾਰ ਲਿੰਗ ਟੈਸਟ ਕਰਵਾਇਆ ਗਿਆ ਚਾਹੇ ਇਹ ਕੰਮ ਗੈਰ ਕਾਨੂੰਨੀ ਸੀ ਫਿਰ ਜਾਇਜ ਨਾਜਾਇਜ ਕੰਮ 'ਚ ਹੰਦੇ ਹੀ ਰਹਿੰਦੇ ਹਨ। ਵੱਧ ਤੋਂ ਵੱਧ ਪੈਸਾ ਦਲੀਪ ਸਿੰਘ ਖਰਚ ਕੀਤਾ ਇਸ ਵਾਰ ਦਲੀਪ ਸਿੰਘ ਦੀ ਜਨਾਨੀਨੇ ਮੁੰਡੇ ਨੂੰ ਜਨਮ ਦਿਤਾ। ਦਾਦੀ ਦਾਦੇ ਨੂੰ ਗਿੱਠ ਗਿੱਠ ਚਾਅ ਚੜ੍ਹ ਗਿਆ। ਗਿਆਨ ਕੌਰ ਚਾਹੇ ਬਿਮਾਰ ਸੀ ਫਿਰ ਵੀ ਉਸ ਦੇ ਪੈਰ ਜਮੀਨ ਉਪਰ ਟਿਕ ਨਹੀਂ ਰਹੇ ਸਨ। ਸੱਚ ਹੀ ਤਾਂ ਕਹਿੰਦੇ ਨੇ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਦਲੀਪ ਸਿੰਘ ਦੀ ਪਤਨੀ ਨੇ ਗੋਰਾ ਚਿੱਟਾ ਰਿਸ਼ਟ ਪੁਸ਼ਟ ਪੁੱਤ ਆਪਣੇ ਪਰਿਵਾਰ ਨੂੰ ਦਿਤਾ। ਸਭ ਰਿਸ਼ਤੇਦਾਰ ਅਤੇ ਜਾਣ ਪਛਾਣ ਵਾਲਿਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਮਾਸੀ ਖੁੱਦ ਤਾਂ ਹਸਪਤਾਲ ਨਾਂ ਜਾ ਸਕੀ ਜਦ ਮੁੰਡਾ ਘਰ ਆਇਆ ਤਾਂ ਘਰ 'ਚ ਖੁਸ਼ੀਆਂ ਦੀ ਲਹਿਰ ਦੌੜ ਪਈ। ਖੁਸਰੇ ਭੰਡ ਸਭ ਦੀ ਭਰਮਾਰ ਲੱਗ ਗਈ ਖੁਸ਼ੀਆਂ ਖੁਸ਼ੀਆਂ 'ਚ ਸਾਲ ਕਿਵੇਂ ਬਤੀਤ ਹੋ ਗਿਆ ਕਿਸੇ ਨੂੰ ਪਤਾ ਤੱਕ ਨਹੀਂ ਲੱਗਿਆ। ਕਾਕੇ ਦਾ ਪਹਿਲਾ ਜਨਮ ਦਿਨ ਮਨਾਉਣ ਦੀ ਤਰੀਕ ਵੀ ਨੇੜੇ ਆ ਗਈ। ਨੇੜੇ ਹੀ ਪੈਲਸ 'ਚ ਫੰਕਸ਼ਨ ਰੱਖਿਆ ਗਿਆ। ਫੰਕਸ਼ਨ 'ਚ ਪੰਕਜ ਭਰਜਾਈ ਪਹੁੰਚੇ। ਮਾਸੀ ਮਾਸੜ ਦਾ ਪੰਕਜ ਨਾਲ ਬਹੁੱਤ ਪਿਆਰ ਹੋਣ ਕਾਰਨ ਮਾਸੀ ਪੰਕਜ ਬਾਰੇ ਬਾਰ ਬਾਰ ਪੁੱਛ ਰਹੀ ਸੀ ਕਿਸੇ ਨਿੱਜੀ ਕਾਰਨ ਕਰਕੇ ਨਾ ਹੀ ਪੰਕਜ ਪਹੁੰਚਿਆ ਤੇ ਨਾ ਹੀ ਉਸ ਦੇ ਪਰਿਵਾਰ ਦਾ ਕੋਈ ਮੈਂਬਰ। ਅੰਤ ਸਮੇਂ ਤੱਕ ਪੰਕਜ ਦੀ ਉਡੀਕ ਰਹੀ। ਕੁੱਝ ਮਹੀਨਿਆਂ ਪਿਛੋਂ ਮਾਸੀ ਰੱਬ ਨੂੰ ਪਿਆਰੀ ਹੋ ਗਈ ਮਾਸੀ ਦੀ ਰਸਮ ਕਿਰਿਆ ਤੇ ਪੰਕਜ ਗਿਆ ਤਾਂ ਮਾਸੜ ਬਾਰ ਬਾਰ ਪੰਕਜ ਨੂੰ ਇਹ ਲਫਜ ਕਿਹ ਰਿਹਾ ਸੀ ਕਿ "ਪੰਕਜ ਪੁੱਤ ਤੂੰ ਦੀਪੇ ਦੇ ਮੁੰਡੇ ਦੇ ਜਨਮ ਦਿਨ ਤੇ ਨਹੀਂ ਆਇਆ। ਤੇਰੀ ਮਾਸੀ ਬਾਰ ਬਾਰ ਤੇਰੇ ਬਾਰੇ ਪੁੱਛ ਰਹੀ ਸੀ।ਤੇਰਾ ਹੀ ਰਸਤਾ ਬਾਰ ਬਾਰ ਵੇਖ ਰਹੀ ਸੀ ਸਭ ਕੁੱਛ ਸੀ ਬਸ ਤੇਰੀ ਹੀ ਕਮੀ ਰੜਕ ਰਹੀ ਸੀ ਮਾਸੀ ਤੇਰੀ ਨੂੰ ਬੜਾ ਮੋਹ ਸੀ ਤੇਰੇ ਨਾਲ ਉਨਾ ਮੋਹ ਤਾਂ ਉਸ ਨੂੰ ਦੀਪੇ ਨਾਲ ਵੀ ਨਹੀ ਸੀ"। ਇਹ ਲਫਜ ਕਹਿ ਕੇ ਮਾਸੜ ਦੀਆਂ ਅੱਖਾਂ ਭਰ ਆਈਆਂ।ਮਾਸੜ ਦੀ ਛੋਟੀ ਕੁੜੀ ਮਨ ਭਰਦੀ ਬੋਲੀ "ਭਾਅ ਜੀ ਬੀਜੀ ਤਾਂ ਸਾਡਾ ਸਾਥ ਛੱਡ ਗਈ ਬੀਜੀ ਬਗੈਰ ਗਰ ਕਿਵੇਂ ਖਾਲੀ ਖਾਲ਼ੀ ਲੱਗ ਰਿਹਾ ਹੈ"।

ਪੰਕਜ ਨੇ ਬੈੱਡ ਉਤੇ ਜਦ ਨਜਰ ਮਾਰੀ ਤਾਂ ਉਸ ਦੀ ਭੁੱਬ ਨਿਕਲ ਗਈ। ਮਾਸੜ ਜੀ ਮਾਸੀ ਤੋਂ ਬਗੈਰ ਬੈੱਡ ਕਿਵੇਂ ਖਾਲੀ ਖਾਲੀ ਲਗਦਾ ਹੈ। "ਮਾਸੀ ਦੇ ਬੈੱਡ ਤੇ ਬੈਠਣ ਨਾਲ ਬੈੱਡ ਭਰਿਆ ਭਰਿਆ ਲਗਦਾ ਹੈ"। "ਪੁੱਤ ਜਿਨ੍ਹਾਂ ਉਸ ਦਾ ਅੰਨ ਜਲ ਸੀ ਉਸ ਨੇ ਛੱਕ ਲਿਆ। ਅੱਗੇ ਉਸ ਨੇ ਕਿਹੜਾ ਸੁੱਖ ਭੋਗਿਆ ਸੀ ਪੁੱਤ ਤੇਰੀ ਮਾਸੀ ਤਾਂ ਸਾਰੀ ਉਮਰ ਬਗੈਰ ਕਸੂਰ ਦੇ ਸਜ਼ਾ ਭੁਗਤ ਕੇ ਗਈ। ਪਿਛਲੇ ਜਨਮ 'ਚ ਪਤਾ ਨਹੀਂ ਉਸ ਨੇ ਕਿਹੜੇ ਪਾਪ ਕੀਤੇ ਹਾੈ। ਇਹ ਲਫਜ ਕਹਿ ਕੇ ਮਾਸੜ ਦਾ ਮਨ ਭਰ ਆਇਆ ਦੋਵੇਂ ਕੁੜੀਆਂ ਮਾਸੜ ਦੇ ਗਲ੍ਹੇ ਲੱਗ ਕੇ ਉਚੀ ਉਚੀ ਰੋਣ ਲੱਗ ਪਈਆਂ। ਜਦ ਕੁੜੀਆਂ ਮਾਸੜ ਦੇ ਗਲ੍ਹ ਲੱਗੀਆਂ ਤਾਂ ਮਾਸੜ ਦੇ ਦਿਲ ਨੂੰ ਠੰਡ ਪੈ ਗਈ।ਪੰਕਜ ਵੀ ਆਪਣੇ ਆਪ ਨੂੰ ਰੋਕ ਨਾਂ ਸਕਿਆ। ਮਾਸੀ ਦੇ ਸਵਰਗ ਸਿਧਾਰਨ ਮਗਰੋਂ ਪੰਕਜ ਮਾਸੀ ਦੇ ਘਰ ਜਦ ਗਿਆ ਤਾਂ ਦਲੀਪ ਸਿੰਘ ਦੀ ਜਨਾਨੀ ਹਿਰਖ ਕਰਦੀ ਪੰਕਜ ਨਾਲ ਬੋਲੀ "ਉਸੀਂ ਤਾਂ ਸੋਚਿਆ ਭਾਅ ਜੀ ਨੇ ਸਾਨੂੰ ਛੱਡ ਦਿਤਾ ਹੈ"।

"ਨਹੀਂ ਭਰਜਾਈ ਜੀ ਇਹੋ ਜਿਹੀ ਕੋਈ ਗੱਲ ਨਹੀਂ ਤਹਾਨੂੰ ਤਾਂ ਪਤਾ ਹੈ ਪ੍ਰਾਈਵੇਟ ਕੰਮ ਹੈ ਘਰ ਦੇ ਖਰਚੇ ਚਲਾਉਣੇ ਔਖੇ ਹੈ। ਪਹਿਲਾਂ ਅਖਬਾਰ ਦਾ ਕੰਮ ਕੀਤਾ ਕੁੱਝ ਨਾ ਬਣਿਆ ਫਿਰ ਆਪਣਾ ਕੰਮ ਸ਼ੁਰੂ ਕੀਤਾ ਠੇਕੇਦਾਰੀ ਰੋਟੀ ਤਾਂ ਸੌਖੀ ਮਿਲ ਰਹੀ ਹੈ ਪਰ ਕੋਈ ਛੁੱਟੀ ਵਗੈਰਾ ਨਹੀਂ ਕੰਮ ਦਾ ਲਾਲਚ ਰਹਿੰਦਾ ਹੈ ਮੋਬਾਈਲ ਖਰਾਬ ਹੋ ਗਿਆ ਸੀ ਭਾਅ ਜੀ ਦਾ ਨੰਬਰ ਵੀ ਡਲੀਟ ਹੋ ਗਿਆ ਸੀ"। ਦੀਪੇ ਬਾਰੇ ਭਰਜਾਈ ਗੱਲ ਕਰਦੀ ਬੋਲੀ "ਇਹ ਤਾਂ ਪਿਛਲੇ 6-7 ਮਹੀਨਿਆ ਤੋਂ ਬਿਮਾਰ ਪਏ ਹੈ ਬੁੱਕਾਂ ਦੇ ਬੁੱਕ ਪੈਸੇ ਲੱਗ ਰਹੇ ਹੈ"।

ਦੀਪੇ ਦੀ ਸ਼ਕਲ ਸੂਰਤਵੇਖ ਕੇ ਮੇਰੀ ਭੁੱਬ ਨਿਕਲ ਗਈ।ਦੀਪੇ ਦੇ ਚਿਹਰੇ ਉਪਰ ਭਿਆਨਕ ਉਦਾਸੀ ਅਤੇ ਮੌਤ ਦਾ ਡਰ ਸਾਫ ਦਿਖਾਈ ਦੇ ਰਿਹਾ ਸੀ। ਜਿਸ ਬੈੱਡ ਉਪਰ ਪਹਿਲਾਂ ਮਾਸੀ ਲੇਟੀ ਹੁੰਦੀਸੀ ਉਸ ਬੈੱਡ ਉਪਰ ਹੁਣ ਦੀਪਾ ਸੀ।

"ਇਹ ਜਿਹੀ ਕਿਹੜੀ ਬਿਮਾਰੀ ਨੇ ਤੁਹਾਨੂੰ ਘੇਰ ਲਿਆ ਹੈ ਜਿਸ ਨੇ ਤੁਹਾਡਾ ਸਾਰੇ ਦਾ ਸਾਰਾ ਹੁਲੀਆ ਵਿਗਾੜ ਕੇ ਰੱਖ ਦਿਤਾ ਹਾੈ। ਦੀਪਾ ਗਲਾਸ 'ਚ ਪਾਣੀ ਪੀਂਦਾ ਗਲਾਸ ਬੈੱਡ ਉਤੇ ਰੱਖਦਾ ਕਹਿਣ ਲੱਗਾ। "ਪੰਕਜ ਵੀਰ ਮੇਰ ਦੋਵੇਂ ਗੁਰਦਿਆਂ ਵਿਚ ਨੁੱਕਸ ਪੈ ਗਿਆ ਹੈੈੈ ਦਫਤਰ ਦੇ ਕੰਮ ਬਾਹਰ ਗਿਆ ਸੀ ਸਿਹਤ ਖਰਾਬ ਹੋਈ ਕਾਫੀ ਦਿਨ ਬੁਖਾਰ ਰਿਹਾ ਉਸ ਬਿਮਾਰੀ ਵਿਚ ਹੀ ਕੋਈ ਦਵਾਈ ਖਰਾਬ ਕਰ ਗਈ। ਵੀਰ ਉਸ ਵੇਲੇ ਤੋਂ ਡਾਕਟਰਾਂ ਦੇ ਵੱਸ ਪਏ ਹਾਂ"।

ਜਨਾਨੀ ਹਿਰਖ 'ਚ ਬੋਲੀ "ਭਾਅ ਜੀ ਅਸੀਂ ਤਾਂ ਮੁਸੀਬਤ 'ਚ ਘਿਰ ਗਏ ਹਾਂ। ਮਾਸੀ ਮਿਲੀ ਸੀ ਸਾਰੀ ਗੱਲ ਉਸ ਨੂੰ ਦੱਸੀ ਸੀ ਇਕ ਅੱਧੀ ਵਾਰੀ ਆਈ ਮੁੜ ਉਸ ਨੇ ਵੀ ਕੋਈ ਸਾਰ ਨਹੀਂ ਲਈ"। "ਦੀਪੇ ਭਾਅ ਮੈਨੂੰ ਤਾਂ ਸੱਚ ਹੀ ਕੁੱਛ ਪਤਾ ਨਹੀਂ ਤੁਹਾਡੇ ਕੋਲ ਮੇਰਾ ਫੋਨ ਨੰਬਰ ਤਾਂ ਹੈ ਸੀ ਫੋਨ ਕਰ ਲੈਂਦੇ ਆਪਣੇ ਭੈਣ ਭਰਾ ਦਾ ਇਨਾ ਤਾਂ ਹੋਣਾ ਹੀ ਚਾਹੀਦਾ ਹੈ"।

"ਭਾਅ ਜੀ ਅਸੀਂ ਦੋਵੇਂ ਹੀ ਜਨਾਨੀ ਆਦਮੀ ਹਾਂ ਸਾਡੀ ਮਦਦ ਕਰਨ ਵਾਲਾ ਕੋਈ ਨਹੀਂ ਗੱਲਾਂ ਤਾਂ ਸਭ ਕਰਦੇ ਨੇ ਪਰ ਬਾਂਹ ਫੜ੍ਹਨ ਵਾਲਾ ਕੋਈ ਨਹੀਂ। ਇਹ ਤਾਂ ਕਮਰੇ ਅੰਦਰ ਹੁੰਦੇ ਨੇ ਬਾਹਰ ਸਾਰੀ ਨੱਠ ਭੱਜ ਮੈਂ ਕਰਦੀ ਹਾਂ ਦਵਾਈਆਂ ਅਲ਼ਟਰਾ ਸਾਉਂਡ ਹੋਰ ਸਮਾਨ ਵਗੈਰਾ ਕਿੰਨ੍ਹਾਂ ਕਿੰਨ੍ਹਾ ਸਮਾਂ ਲੱਗ ਜਾਂਦਾ ਹੈ ਘਰ ਕੁੜੀਆਂ ਕੱਲੀਆਂ ਹੁੰਦੀਆਂ ਹੈ ਭਾਪਾ ਤਾਂ ਉਪਰ ਹੀ ਰਹਿੰਦਾ ਹੈ"। ਭਰਜਾਈ ਹਿਰਖ ਨਾਲ ਬੋਲੀ। ਭੋਲੀ ਠੀਕ ਠਾਕ ਹੈ ਛੋਟੀ ਦਾ ਕੀ ਹਾਲ ਹੈ।

"ਛੋਟੀ ਕੁੜੀ ਤਾਂ ਆਪਣੇ ਘਰ ਠੀਕ ਹੈ, ਵੱਡੀ ਭੋਲੀ ਬਾਰੇ ਤੁਹਾਨੂੰ ਕੁੱਝ ਨਹੀਨ ਪਤਾ ਭਰਜਾਈ ਕਹਿਣ ਲੱਗੀ"।

"ਕੀ ਮਤਲਬ ਹੈ ਭਰਜਾਈ ਜੀ ਤੁਹਾਡਾ ਪੰਕਜ ਨੇ ਭਰਜਾਈ ਨੂੰ ਸਵਾਲ ਕੀਤਾ"। "ਮਾਸੀ ਨੂੰ ਸਭ ਪਤਾ ਹੈ ਉਹ ਤਾਂ ਛੇ ਮਹੀਨੇ ਹੋ ਗਈ ਪੂਰੀ ਹੋ ਗਈ ਹੈ"।

"ਅੱਛਾ...... ਉਹ ਕਿਵੇਂ" ? ਪੰਕਜ ਦਾ ਇਕ ਸਾਹ ਉਤੇ ਦਾ ਉਤੇ ਤੇ ਦੂਜਾ ਹੇਠਾਂ ਦਾ ਹੇਠਾਂ "ਮੰਮੀ ਨੇ ਤਾਂ ਸਾਨੂੰ ਕੁੱਝ ਨਹੀਂ ਦੱਸਿਆ ਨਾਲੇ ਅਸੀਂ ਤਾਂ ਉਨਾ ਦੇ ਨਾਲ ਥੋੜੀ ਰਹਿੰਦੇ ਹਾਂ"।

"ਤਹਾਨੂੰ ਇਹ ਤਾਂ ਪਤਾਹੈ ਉਸ ਨੂੰ ਸ਼ੂਗਰ ਸੀ ਪਹਿਲਾਂ ਉਸ ਦੀਆਂ ਅੱਖਾਂ ਖਰਾਬ ਹੋਈਆਂ ਫਿਰ ਬੁਖਾਰ ਚੜ੍ਹਿਆ। ਜਗਮੋਹਨ ਨਾਲ ਤਾਂ ਤਲਾਕ ਹੋ ਗਿਆ ਇਹ ਤਾਂ ਪਤਾ ਹੀ ਹੈ ਦੂਸਰੀ ਥਾਂ ਬੈਠੀ ਹੈ ਜਵਾਈ ਤਾਂ ਚੰਗਾ ਹੈ। ਜਦੋਂ ਦੀ ਭੋਲੀ ਸੜੀ ਸੀ ਉਸ ਦਾ ਸਰੀਰ ਕਿਹੜਾ ਠੀਕ ਰਹਿੰਦਾ ਸੀ। ਫੇਰ ਮੁੰਡੇ ਦਾ ਝੋਰਾ ਮੁੰਡਾ ਤਾਂ ਜਗਮੋਹਨ ਨੇ ਆਪ ਰੱਖ ਲਿਆ ਸੀ ਦੁਖ ਭੋਗਦੀ ਹੀ ਭੋਲੀ ਜਹਾਨੋਂ ਤੁਰ ਗਈ"।

ਭਰਜਾਈ ਦੀਆ ਗੱਲਾਂ ਸੁਣ ਕੇ ਮਨ ਭਰ ਅਇਆ ਪੰਕਜ ਦਾ। ਪਤਾ ਨਹੀਂ ਕਿਉਂ ਸੱਚਾ ਪਾਤਸ਼ਾਹ ਇਸ ਟੱਬਰ ਨੂੰ ਸੁੱਖ ਨਹੀਂ ਆਉਣ ਦਿੰਦਾ।ਗੱਲਾਂ ਬਾਤਾਂ ਚੱਲਦੀਆ ਰਹੀਆਂ ਪੰਕਜ ਨੇ ਪੁੱਛਿਆ ਮਾਸੜ ਜੀ ਕਿਥੇ ਨੇ ? ਉਪਰ ਕਮਰੇ 'ਚ ਨੇ ਦੀਪੇ ਨੇ ਪੰਕਜ ਨੂੰ ਕਿਹਾ ਪੰਕਜ ਉਪਰ ਕਮਰੇ 'ਚ ਗਿਆ ਕੋਠੇ ਉਪਰ ਕਮਰਾ ਵੀ ਕਾਹਦਾ ਬਸ ਟਾਇਮ ਪਾਸ ਦੋ ਪੁਰਾਣੇ ਵੱਡੇ ਵੱਡੇ ਨਵਾਰੀ ਪਲੰਗ ਪੇਟੀ ਉਪਰ ਪੁਰਾਣੇ ਪੁਰਾਣੇ ਟਰੰਕ ਨਾਲ ਜਵਾਨੀ ਵੇਲੇ ਦੀ ਮਾਸੀ ਮਾਸੜ ਦੀ ਤਸਵੀਰ ਟਰੰਕਾ ਉਪਰ ਰੰਗਦਾਰ ਟੀ.ਵੀ. ਮਾਸੜ ਨੇ ਪਜਾਮਾ ਸਿਰ ਤੇ ਪਟਕਾ ਬਾਹਵਾਂ ਤੋ ਬਗੈਰ ਹੱਥ ਨਾਲ ਬਣਾਈ ਕਪੜੇ ਦੀ ਬਨੈਨ ਮਾਸੜ ਪੁਰਾਣੀ ਪੰਜਾਬੀ ਫਿਲਮ ਦੇਖ ਰਿਹਾ ਸੀ ਦੀਪੇ ਦੀ ਛੋਟੀ ਕੁੜੀ ਮਾਸੜ ਨੂੰ ਛੇੜ ਰਹੀ ਸੀ।ਪੰਕਜ ਨੇ ਜਦੋ ਮਾਸੜ ਦੇ ਪੈਰੀਂ ਹੱਥ ਲਾਇਆ ਤਾਂ ਮਾਸੜ ਹੱਥ ਫੜ੍ਹਦਾ ਬੋਲਿਆ।

"ਬੜ੍ਹੀ ਚਿਰੀਂ ਰਸਤਾ ਭੁਲ ਹੀ ਗਿਆ ਪੁੱਤਰਾ ਤੈਨੂੰ ਮਾਸੜ ਆਪਣੇ ਨੂੰ ਭਲਾ ਹੀ ਦਿਤਾ ਤੂੰ ਬਹੁੱਤ ਕੰਮ ਰਹਿੰਦਾ ਹੈ ਤੈਨੂੰ"।

"ਨਈ ਮਾਸੜ ਜੀ ਇਹੋ ਜਿਹੀ ਕੋਈ ਗੱਲ ਨਹੀਂ ਤਹਾਨੂੰ ਭੁੱਲਣ ਦਾ ਤਾਂ ਕੋਈ ਮਤਲਬ ਨਹੀਂ ਤੁਸੀ ਤਾਂ ਹਮੇਸ਼ਾ ਮੈਨੂੰ ਯਾਦ ਰਹਿੰਦੇ ਹੋ"।

"ਤਾਂਹੀ ਤਾਂ ਨਹੀਂ ਆਇਆ ਯਾਦ ਹੁੰਦਾ ਤਾਂ ਮਿਲਣ ਨਾ ਆਉਦਾ"।

"ਮਾਸੜ ਜੀ ਗੱਲਤੀ ਹੋ ਗਈ ਸਭ ਮਜਬੂਰੀਆਂ ਹੀ ਬੰਦੇ ਕੋਲੋਂ ਸਭ ਕੁੱਝ ਕਰਵਾਉਦੀਆਂ ਹਨ। ਕੋਈ ਇਹੋ ਜਿਹੀ ਗੱਲ ਨਹੀਂ ਪੁੱਤ ਮੈਂ ਮਜਾਕ ਕਰਦਾ ਸੀ ਹੋਰ ਸੁਣਾ ਕੁੜੀਆਂ ਕਿਵੇ ਨੂੰਹ ਰਾਣੀ ਠੀਕ ਠਾਕ ਹੈ। ਸਭ ਠੀਕ ਠਾਕ ਹੈ ਮਾਸੜ ਜੀ ਤੁਹਾਡੇ ਪੈਰਾਂ ਪਿਛੇ।ਹੁਣ ਸੁੱਖ ਨਾਲ ਸੌਖੀ ਰੋਟੀ ਮਿਲ ਰਹੀ ਹੈ"।

"ਘਰੋਂ ਨਿਕਲ ਕੇ ਚੰਗਾ ਰਿਹਾ ਨਾ ਤੂੰ" ......।

"ਹਾਂ ਬਿਲਕੁਲ ਠੀਕ ਹਾਂ।ਆਪਣੇ ਪੈਰਾਂ ਤੇ ਖੜ੍ਹਾ ਹਾਂ ਨਾਲੇ ਫਿਰ ਇਕ ਘਰ ਗੁਜਾਰਾ ਕਿਥੇ ਮੇਰਾ ਪਰਿਵਾਰ ਹੈ ਸੁੱਖ ਨਾਲ ਵੱਡੇ ਭਰਾ ਆਪਣਾ ਵੱਡਾ ਪਰਿਵਾਰ ਹੈ। ਨਾਲੇ ਹੁਣ ਅਸੀਂ ਆਪਣੀ ਨੀਂਦ ਸੌਂਦੇ ਹਾਂ ਆਪਣੀ ਮਰਜੀ ਨਾਲ ਉਠਦੇ ਹਾਂ"।

"ਚਲੋ ਤੂੰ ਕਿਹੜਾ ਮਾੜਾ ਹੈ, ਰੱਬ ਨੇ ਤੇਰੇ ਨਾਲ ਚੰਗਾ ਹੀ ਕਰਨਾ ਸੀ"।ਮਾਸੜ ਜੀ ਦੀਪੇ ਦਾ ਸੁਣ ਕੇ ਬਹੁੱਤ ਦੁੱਖ ਲੱਗਿਆ ਚੰਗਾ ਭਲਾ ਗੱਬਰੂ ਸੀ ਹੁਣ ਤਾਂ ਉਹ ਕਮਜੋਰ ਹੀ ਬਹੁੱਤ ਲੱਹਣ ਲੱਗ ਪਿਆ ਹੈ"।

"ਪੰਕਜ ਬੇਟਾ ਇਹ ਸਭ ਬੰਦੇ ਦੇ ਆਪਣੇ ਕਰਮ ਹਨ। ਅਸੀਂ ਤਾਂ ਕੁਝ ਬੋਲਦੇ ਨਹੀਂ ਜੇ ਬੋਲੇ ਤਾਂ ਰੋਟੀ ਵੀ ਮਿਲਣੀ ਬੰਦ ਹੋ ਜਾਣੀ ਹੈ। ਅਲੱਗ ਤਾਂ ਉਸ ਨੇ ਮੈਨੂੰ ਕਰ ਹੀ ਦਿਤਾ ਹੈ।ਭੋਲੀ ਦਾ ਸੁਣ ਕੇ ਵੀ ਮਾੜਾ ਲੱਗਿਆ ਦਿਲ ਨੂੰ ਵੀ ਬਹੁੱਤ ਦੁੱਖ ਲੱਗਿਆ।

" ਪੰਕਜ ਪੁੱਤ ਉਸ ਦੇ ਕਰਮ ਹੀ ਮਾੜੇ ਸਨ। ਮੈਂ ਉਸ ਤੇ ਪੰਜਾਹ ਹਜਾਰ ਰੁਪਏ ਲਗਾ ਦੇਣੇ ਸੀ ਨਰਸ ਬਣ ਜਾਂਦੀ ਤੇ ਹਸਪਤਾਲ ਵਿਚ ਨੌਕਰੀ ਲਗ ਜਾਣੀ ਸੀ ਉਸ ਦੀ ਉਸ ਨੇ ਵਿਚ ਹੀ ਕੋਰਸ ਛਡ ਦਿਤਾ" ਮਾਸੜ ਦੀਆਂ ਅੱਖਾ ਭਰ ਆਈਆਂ।

"ਮਾਸੜ ਜੀ ਦੀਪੇ ਦਾ ਇਲਾਜ ਤਾ ਹੋ ਰਿਹਾ ਹੈ ਆਪੇ ਮਾਹਰਾਜ ਠੀਕ ਕਰੇਗਾ"। "ਇਸ ਦਾ ਇਲਾਜ ਮੈਂ ਕੀ ਕਰਵਾਉਣਾ ਹੈ ਮੇਰੇ ਹੱਥ ਪੱਲੇ ਛੱਡਿਆਂ ਹੈ ਕੁੱਝ ਏਸੇ ਜਨਾਨੀ ਆਦਮੀ ਨੇ ?ਸਭ ਕੁੱਝ ਤਾਂ ਸਾਂਭ ਲਿਆ ਛੋਟਾ ਬਲਵੰਤ ਵੀ ਆਪਣੇ ਹਿਸੇ ਦੀ ਜਮੀਨ ਵੀ ਇਸ ਨੂੰ ਦੇ ਗਿਆ। ਹੁਣ ਕਹਿੰਦਾ ਜਿਹੜੀ ਜਮੀਨ ਰਹਿ ਗਈ ਉਸ ਵੀ ਵੇਚ ਵੱਟ ਕੇ ਮੈਨੂੰ ਦੇ ਦੇਵੇ।ਇਹ ਜਮੀਨ ਹੀ ਤਾਂ ਮੇਰਾ ਆਸਰਾ ਹੈ ਹੁਣ ਨਾ ਦੇਂਵਾ ਮੈਂ ਕਾਨੀ ਕੌਡੀ ਵੀ ਇਨਾਂ ਨੂੰ।ਜਿਉਂਦੇ ਜੀ ਇਨ੍ਹਾ ਨੇ ਮਾਂ ਦੀ ਧੇਲਾ ਕਦਰ ਨਾਂ ਪਾਈ। ਮੇਰੀ ਕਿਹੜਾ ਇਹ ਇੱਜਤ ਕਰਦੇ ਹਨ ਆਪਣੀ ਮਰਜੀ ਕਰਦੇ ਹੈ। ਮੈਂ ਇਕੱਲਾ ਉਪਰ ਬੈਠਾ ਰਹਿੰਦਾ ਹਾਂ ਛੱਤ ਦੇ ਇਕ ਪਾਸੇ ਤੋਂ ਪਾਣੀ ਚੋ ਰਿਹਾ ਹੈ ਬੱਚਿਆਂ ਨੂੰ ਜਰੂਰ ਸਕੂਲ ਛੱਡ ਆਉਂਦਾ ਹਾਂ ਤੇ ਛੁੱਟੀ ਹੋਣ ਤੇ ਲੈ ਆਉਂਦਾ ਹਾਂ ਟੈਮ ਪਾਸ ਹੋ ਜਾਂਦਾ ਹੈ"।

ਮਾਸੜ ਗੱਲਾਂ ਕਰ ਰਿਹਾ ਸੀ ਅੱਖਾਂ ਚੋਂ ਪਾਣੀ ਟੱਪ ਟੱਪ ਰਿਹਾ ਸੀ ਮਨ 'ਚ ਗੱਸਾ ਤਾਂ ਸੀ ਕਠੋਰਤਾ ਸਾਫ ਦਿਖਾਈ ਦੇ ਰਹੀ ਸੀ । ਪੰਕਜ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਬੰਦਾ ਪੱਤ ਮੰਗਦਾ ਹੈ ਜਦ ਮਾਸੜ ਦੀ ਇਹ ਹਾਲਤ ਵੇਖੀ ਤਾਂ ਸੋਚਣ ਲਈ ਮਜਬੂਰ ਹੋ ਗਿਆ ਅੱਜ ਪਿਓ 'ਚ ਪੁੱਤ ਲਈ ਇਨੀ ਕੁੜੱਤਨ ਕਿ ਪਿਓ ਪੁੱਤ ਨਾਲ ਮਰਨ ਜੰਮਣ ਦਾ ਨਾਤਾ ਟੁੱਟ ਗਿਆ ।

"ਅੱਛਾ ਮਾਸੜ ਜੀ ਕਦੇ ਘਰ ਆਣਾ।" ਪੰਕਜ ਮਾਸੜ ਦੇ ਪੈਰਾਂ ਨੂੰ ਹੱਥ ਲਗਾਉਂਦਾ ਬੋਲਿਆ ।

" ਚੰਗਾ ਪੁੱਤ ਕਦੀਂ ਸਵੇਰੇ ਆਵੀਂ ਤੇਰੇ ਘਰ ਚਲਾਂਗਾ" ।

" ਅੱਛਾ ਇਹ ਲਫਜ ਕਹਿ ਕੇ ਪੰਕਜ ਪੌੜੀਆਂ ਤੋਂ ਹੇਠਾਂ ਉਤਰ ਆਇਆ।



## ਨਕਲੀ ਵੀਜ਼ਾ

ਕਹਾਣੀ. ਬਲਵਿੰਦਰ ਸਿੰਘ ਬਾਈਸਨ

ਚਿੰਤਾ ਨਾ ਕਰੋ ! ਅਸੀਂ ਤੁਹਾਨੂੰ ਦੇਸ਼ ਤੋ ਬਾਹਰ ਪਹੁੰਚਾ ਦੇਵਾਂਗੇ ! ਇਹ ਫੜੋ ਤੁਹਾਡਾ ਪਾਸਪੋਰਟ, ਵੀਜ਼ਾ ਲੱਗ ਕੇ ਆ ਗਿਆ ਹੈ ! (ਹਰਜੀਤ ਸਿੰਘ ਨੇ ਸੋਹਣ ਸਿੰਘ ਨੂੰ ਦਸਿਆ)

ਸੋਹਣ ਸਿੰਘ ਵੀਜ਼ਾ ਚੈਕ ਕਰਦੇ ਹੋਏ : ਪਰ ਇਹ ਵੀਜ਼ਾ ਤਾਂ ਨਕਲੀ ਹੈ !

ਹਰਜੀਤ ਸਿੰਘ : ਚਿੰਤਾ ਨਾ ਕਰੋ ! ਵੀਜ਼ਾ ਨਕਲੀ ਹੋਵੇਂ ਤਾਂ ਕੋਈ ਫ਼ਰਕ ਨਹੀਂ ਪੈਂਦਾ ! ਪਾਸਪੋਰਟ ਤਾਂ ਅਸਲੀ ਹੈ ਨਾ ?

ਸੋਹਣ ਸਿੰਘ (ਹੈਰਾਨੀ ਨਾਲ) : ਤੇਰਾ ਦਿਮਾਗ ਖਰਾਬ ਹੋਇਆ ਹੈ ? ਨਕਲੀ ਵੀਜ਼ਾ ਨਾਲ ਮੈਂ ਦੇਸ਼ ਤੋ ਬਾਹਰ ਕਿਵੇਂ ਜਾਵਾਂਗਾ ?

ਹਰਜੀਤ ਸਿੰਘ (ਗਦਰ ਫਿਲਮ ਦਾ ਡਾਈਲੋਗ ਬੋਲਦਾ ਹੋਇਆ) : ਇੱਕ ਕਾਗਜ਼ ਤੇ ਮੋਹਰ ਨਹੀਂ ਲੱਗੇਗੀ ਤਾਂ ਕਿ ਤਾਰਾ ਪਾਕਿਸਤਾਨ ਨਹੀਂ ਜਾਵੇਗਾ ? (ਹਸਦਾ ਹੈ) ਸਾਡੇ ਜੱਥੇਦਾਰਾਂ ਨੇ ਵੀ ਤਾਂ ਅਸਲੀ ਪਾਸਪੋਰਟ (ਅਕਾਲ ਤਖ਼ਤ ਸਾਹਿਬ ਦੇ ਲੈਟਰ ਹੈਡ) ਉੱਤੇ ਸੋਦਾ ਸਾਧ ਨੂੰ ਨਕਲੀ ਵੀਜ਼ਾ (ਆਪਣੇ ਮਾਲਕਾਂ ਤੋ ਆਇਆ ਆਦੇਸ਼) ਦੇ ਹੀ ਦਿੱਤਾ ਹੈ ! ਉਨ੍ਹਾਂ ਦਾ ਚਲ ਗਿਆ ਤਾਂ ਮੇਰਾ ਕਿਓਂ ਨਹੀਂ ਚਲੇਗਾ ? ਸਾਧ ਵੱਲੋਂ ਤਾਂ ਅਰਜੀ ਵਾਲੇ ਡਾਕੂਮੈਂਟ ਵੀ ਸਾਦੇ ਪੇਪਰ ਤੇ ਬਿਨਾ ਕਿਸੀ ਦਸਤਖ਼ਤ ਦੇ ਆਏ ਸਨ ਪਰ ਤੁਹਾਡੇ ਤੇ ਸੁੱਖ ਨਾਲ ਸਾਰੇ ਡਾਕੂਮੈਂਟ ਵੀ ਅਸਲੀ ਹਨ !

ਸੋਹਣ ਸਿੰਘ (ਲੋਹਾ ਲਾਖਾ ਹੁੰਦਾ ਹੋਇਆ) : ਮੈਨੂੰ ਮੂਰਖ ਨਾ ਬਣਾਓ ! ਕਲ ਨੂੰ ਰੌਲਾ ਪੈਣ ਤੇ ਸੋਦਾ ਸਾਧ ਮੁਕਰ ਜਾਵੇਗਾ ਕਿ ਮੈ ਤਾਂ ਇਹ ਅਰਜੀ ਲਾਈ ਹੀ ਨਹੀਂ ਤੇ ਨਾ ਹੀ ਮੇਰੇ ਦਸਤਖ਼ਤ ਹਨ ! ਫਿਰ ਟੱਪਦੇ ਰਹਿਣਾ ਆਪਣਾ ਹੁਕਮਨਾਮਾ ਲੈ ਕੇ ! ਅਦਾਲਤਾਂ ਵਿੱਚ ਜੇਕਰ ਇਸੀ ਤਰੀਕੇ ਕੇਸ ਭੁਗਤਾਏ ਜਾਣ ਲੱਗੇ ਤਾਂ ਸਮਝ ਲੈਣਾ ਕੀ "ਹਨੇਰ ਗਰਦੀ ਦਾ ਰਾਜ" ਆ ਗਿਆ ਹੈ ! ਬਿਨਾ ਬਹਿਸ ਦੇ, ਬਿਨਾ ਕੇਸ ਚਲਾਏ, ਬਿਨਾ ਕਿਸੀ ਕੇਸ ਨੂੰ ਵੇਖੇ ਕਿਵੇਂ ਕੋਈ ਅਦਾਲਤ ਦੋਸ਼ੀ ਨੂੰ ਬਰੀ ਕਰ ਸਕਦੀ ਹੈ ? ਆਟੇ ਵਿੱਚ ਲੂਣ ਹੁੰਦਾ ਤਾਂ ਚਲਾ ਲੈਂਦੇ ਪਰ ਲੂਣ ਵਿੱਚ ਆਟਾ ਕਿਵੇਂ ਸਹਾਰੀਏ ? ਸ਼ਾਇਦ ਸਿੱਖ ਕੌਮ ਆਪਨੇ ਧਾਰਮਿਕ ਅੱਤੇ ਸਿਆਸੀ ਲੀਡਰਾਂ ਦੀਆਂ ਕਮਜੋਰੀਆਂ ਕਰਕੇ ਇਸ ਸ਼ਤਾਬਦੀ ਦੀ ਸਭ ਤੋਂ ਕਮਜੋਰ ਅੱਤੇ ਹਾਰੀ ਹੋਈ ਕੋਮਾਂ ਵਿੱਚੋਂ ਗਿਣੀ ਜਾਵੇਗੀ !

ਹਰਜੀਤ ਸਿੰਘ : "ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਓੱਥੇ ਦਾ ਓੱਥੇ" ਵਾਂਗ ਤਖਤਾਂ ਦਾ ਨਾਮ ਲੈ ਕੇ ਆਮ ਸਿੱਖ ਨੂੰ ਮੂਰਖ ਬਣਾਇਆ ਜਾ ਰਿਹਾ ਹੈ ਪਰ ਸ਼ਾਇਦ ਆਮ ਸਿੱਖ ਇਸ ਭੇਦ ਨੂੰ ਕੁਝ ਸਮੇਂ ਬਾਅਦ ਸਮਝੇਗਾ ਪਰ ਤੱਦ ਤੱਕ ਦੇਰ ਹੋ ਚੁੱਕੀ ਹੋਵੇਗੀ ! ਹੁਣ ਅਸਲੀ ਗੱਲ ਤੇਰੇ ਵੀਜ਼ਾ ਤੇ ਆਈਏ .......

.... (ਨਕਲੀ ਵੀਜ਼ਾ ਵਾਲੇ ਪੇਜ ਤੇ ਪਿਆਰ ਨਾਲ ਵੀਜ਼ਾ ਲਾਹ ਕੇ, ਅਗਲੇ ਪੱਤਰੇ ਤੇ ਵਿਖਾਉਂਦਾ ਹੈ) ਇਹ ਫੜ ਆਪਣਾ ਅਸਲੀ ਵੀਜ਼ਾ ! ਤੂੰ ਕਿਸੀ ਨਾਲ ਗੱਲ ਕਰਦੇ ਹੋਏ ਬੋਲ ਰਿਹਾ ਸੀ ਕੀ ਜੱਥੇਦਾਰ ਭਾਵੇਂ ਗਲਤ ਕਰੇ ਪਰ ਅਸੀਂ ਉਸਦੇ ਨਾਲ ਖੜੇ ਹਾਂ, ਇਸੀ ਕਰਕੇ ਤੈਨੂੰ ਸਮਝਾਉਣ ਲਈ ਮੈ ਇਹ ਡਰਾਮਾ ਕੀਤਾ ਸੀ !

ਸੋਹਣ ਸਿੰਘ (ਸਿਰ ਝੁਕਾ ਕੇ) : ਮੈਨੂੰ ਸਮਝ ਪੈ ਗਈ ਹੈ ! ਕੀ "ਉੱਖਲ ਪੁੱਤ ਨਾਂ ਜੰਮੇ, ਧੀ ਅੰਨੀ ਚੰਗੀ" ਅੱਤੇ "ਇਕ ਹੋ ਜਾਏ ਕਮਲਾ ਤਾਂ ਸਮਝਾਏ ਵੇਹੜਾ, ਵੇਹੜਾ ਹੋ ਜਾਏ ਕਮਲਾ ਤਾਂ ਸਮਝਾਏ ਕੇਹੜਾ ?" ਪੰਥਕ ਮਸਲਿਆਂ ਤੇ ਇਨ੍ਹਾਂ ਲੀਡਰਾਂ ਦਾ ਵਤੀਰਾ ਹੈ ਕੀ "ਆਪਣਿਆਂ ਦੇ ਗਿੱਟੇ ਭੰਨਾ ਚੁੰਮਾਂ ਪੈਰ ਪਰਾਇਆ ਦੇ"! ਤੇਰਾ ਧਨਵਾਦ ਵੀਰ !

BAJAJ | Allianz

Dilbagh Singh
Senior Sales Manager

Bajaj Allianz Life
Insurance Co. Ltd.
2nd Floor Konika Tower
Opp. Improvement Trust Office
Hargobind Nagar Market Phagwara
Kapurthala Punjab 144401
Tel : 01824 509153
Fax. 01824 508163

Mobile : +91 9814487852
Email : dilbagh.singh013@balk.in
Website : www.bajajallianz.com




## ਗ਼ਜ਼ਲ

ਅਮਰਜੀਤ ਸਿੰਘ ਸੰਧੂ

+91 94636 13528

ਅਪਣੀ ਹੱਦ ਵਿਚ ਸੀਮਤ ਰਹਿਣਾ ਚੰਗਾ ਲੱਗਦਾ ਹੈ।
ਕੁਝ ਕਹਿਣੋਂ, ਹੁਣ ਕੁਝ ਨਾ ਕਹਿਣਾ ਚੰਗਾ ਲੱਗਦਾ ਹੈ।

ਬਾਹਰ, ਅੰਦਰ ਨਾਲੋਂ ਵੀ ਵਧ ਕੇ ਪਾਬੰਦੀ ਏ,
ਹੁਣ ਤਾਂ ਕਮਰੇ ਵਿਚ ਬੰਦ ਰਹਿਣਾ ਚੰਗਾ ਲੱਗਦਾ ਹੈ।

ਘਰ ਵਿਚ 'ਕੱਲ੍ਹੇ ਬਹਿ ਕੇ ਵਹਿਣਾਂ ਵਿਚ ਵਹਿੰਦੇ ਰਹਿਣੋਂ,
ਪਾਰਕ ਵਿੱਚ ਇਕੱਲੇ ਬਹਿਣਾ ਚੰਗਾ ਲੱਗਦਾ ਹੈ।

ਉਹ ਮਜਬੂਰੀ ਹੈ ਕਿ ਕੇਵਲ ਸੁਣਨੀ ਪੈਂਦੀ ਏ,
ਪਰ ਹੁਣ ਵੀ ਅਪਣੀ ਗੱਲ ਕਹਿਣਾ ਚੰਗਾ ਲੱਗਦਾ ਹੈ।

ਖੰਭਾਂ ਵਿਚ ਕਮਜ਼ੋਰੀ ਆ ਗਈ, ਉੱਡ ਨਹੀਂ ਹੁੰਦਾ,
ਉਂਜ ਤਾਂ ਰੁੱਖ ਦਾ ਉੱਚਾ ਟਹਿਣਾ ਚੰਗਾ ਲੱਗਦਾ ਹੈ।

ਹੁਣ ਚੜ੍ਹਦੇ ਨੂੰ ਤਰਨਾ ਬਿਲਕੁਲ ਸੰਭਵ ਨਹੀਂ ਰਿਹਾ,
ਹੁਣ ਵਹਿੰਦੇ ਪਾਣੀ ਸੰਗ ਵਹਿਣਾ ਚੰਗਾ ਲੱਗਦਾ ਹੈ।

ਚੜ੍ਹ ਕੇ ਲਹਿਣਾ ਹੀ ਪੈਂਦਾ ਹੈ ਆਖ਼ਿਰ, ਪਰ ਕਿਸ ਨੂੰ,
ਲਹਿੰਦੇ ਸੂਰਜ ਵਾਂਗੂੰ ਲਹਿਣਾ ਚੰਗਾ ਲੱਗਦਾ ਹੈ?

ਚੰਗੈ, ਜੇ ਮਾੜਾ ਨਾ ਕਹੀਏ ਐਸੇ ਸ਼ਖ਼ਸ ਨੂੰ ਵੀ,
ਜਿਸ ਨੂੰ ਸਭ ਨੂੰ ਮਾੜਾ ਕਹਿਣਾ ਚੰਗਾ ਲੱਗਦਾ ਹੈ।

ਕਿੰਨਾਂ ਚੰਗਾ ਲੱਗਦਾ ਏ ਜਗਦਾ-ਬੁਝਦਾ 'ਸੰਧੂ',
ਕਾਲੀ ਰਾਤ 'ਚ ਜਿਵੇਂ ਟਟਹਿਣਾ ਚੰਗਾ ਲੱਗਦਾ ਹੈ।



## ਫੁੱਲਾ ਵੇ ਫੁੱਲਾ

ਕਵਿਤਾ, ਰਵੇਲ ਸਿੰਘ

+32 723 82827

ਸੱਭਨਾਂ ਨੂੰ ਮੁਹੰਦੀ ਤੇਰੀ ਸੂਰਤ ਪਿਆਰੀ , ਫੁੱਲਾ ਵੇ ਫੁੱਲਾ ।
ਤੂੰ ਰੰਗਾਂ ਦੀ ਲੱਗਦੈਂ ਭਰੀ ਜਿਉਂ ਪਟਾਰੀ , ਫੁੱਲਾ ਵੇ ਫੁੱਲਾ ।
ਤਿਤਲੀ ਵੀ ਆਵੇ ਤੇ ਭੌਰਾ ਵੀ ਆਵੇ ਕਰੇਂ ਤੂੰ ਸੁਆਗਤ ,
ਬਿਨਾਂ ਭੇਦ ਭਾਂਵਾਂ ਦੇ ਬਾਹਵਾਂ ਖਿਲਾਰੀ , ਫੁੱਲਾ ਵੇ ਫੁੱਲਾ ।
ਤੂੰ ਕੰਡਿਆਂ ਚ ਰਹਿ ਕੇ ਵੀ ਹਰ ਹਾਲ ਜੀਵੇਂ ਸਦਾ ਮੁਸਕਰਾਂਵੇਂ ,
ਤੇਰੇ ਨਾਲ ਲੱਗਦੀ ਹੈ ਸੁਹਣੀ ਕਿਆਰੀ ਫੁੱਲਾ ਵੇ ਫੁੱਲਾ ।
ਕਲਾ ਕਾਰ ਭਰ ਕੇ ਕਲਾ ਆਪਣੀ ਵਿੱਚ ਚਿਤਰਦੇ ਨਜਾਰੇ ,
ਕਈ ਗੀਤ ਲਿਖਦੇ ਨੇ ਤੇਰੇ ਲਿਖਾਰੀ , ਫੁੱਲਾ ਵੇ ਫੁੱਲਾ ।
ਕੋਈ ਹਾਰ ਗੁੰਦੇ, ਜਾਂ ਜੂੜੇ , 'ਚ ਟੰਗੇ , ਧਰੇ ਇਸ਼ਟ ਅੱਗੇ ,
ਚੁਭੋਂਦੇ ਨੇ ਸੂਈਆਂ , ਅਮਨ ਦੇ ਪੁਜਾਰੀ , ਫੁੱਲਾ ਵੇ ਫੁੱਲਾ ।
ਤੂੰ ਰਾਹੀਆਂ ਨੂੰ ਆਖੇਂ , ਜਰਾ ਠਹਿਰ ਜਾਵੋ, ਜਰਾ ਝਾਤ ਪਾਵੋ ,
ਤੇ ਕੀਮਤ ਨਾ ਮੰਗੇਂ ,ਨਕਦ ਜਾਂ ਹੁਦਾਰੀ , ਫੁੱਲਾ ਵੇ ਫੁੱਲਾ ।
ਬਹਾਰਾਂ ਦਾ ਆਉਣਾ ਤੇਰੇ ਬਾਝ ਫੁੱਲਾ ਹੈ ਲਗਦ ਅਧੂਰਾ ,
ਤੇਰੇ ਨਾਲ ਲਗਦੀ ਹੈ , ਧਰਤੀ ਸ਼ਿੰਗਾਰੀ , ਫੁੱਲਾ ਵੇ ਫੁੱਲਾ ।
ਕੋਈ ਤੋੜਦਾ ਹੈ , ਕੋਈ ਮਸਲਦਾ ਹੈ, ਕੋਈ ਰੋਲਦਾ ਹੈ,
ਇਹ ਬੇ ਤਰਸ ਦੁਨੀਆ ਹੈ ਗਰਜਾਂ ਦੀ ਮਾਰੀ,ਫੁੱਲਾ ਵੇ ਫੁੱਲਾ ।
ਬਿਨਾਂ ਕੁੱਝ ਮੰਗੇ ,ਤੇਰੀ ਹੱਟ ਵੰਡਦੀ ਹੈ, ਮਹਿਕਾਂ ਤੇ ਸਾਂਝਾਂ ,
ਫਿਰ ਕਿਉਂ ਇਹ ਦੁਨੀਆ ਤੇਰੇ ਲਈ ਕਟਾਰੀ,ਫੁੱਲਾ ਵੇ ਫੁੱਲਾ ।



## ਸਹਿਕਦੇ ਰਿਸ਼ਤੇ

ਕਵਿਤਾ, ਰਾਜਵਿੰਦਰ ਜਟਾਣਾ

ਘਰ ਤੇ ਮਨ ਦੀ ਚਾਰਦਿਵਾਰੀ ਚ'
ਸਿਮਟਿਆ..
ਮਸ਼ੀਨ ਬਣ ਕੇ ਰਹਿ ਗਿਆ..
ਹਰ ਇੱਕ ਬੰਦਾ...!
ਤੇ ਸੁੰਗੜ ਚੱਲੀ ਏ
ਮਨੁੱਖੀ ਸੋਚ..!!

ਪਹਿਲਾਂ ..
ਘਰਾਂ ਦੇ ਮੋਕਲ਼ੇ ਵਿਹੜੇ ..
ਗੂੰਜਦੇ ਸੀ ਨਿਰਛਲ਼ ਬੋਲ
ਤੇ ਸੂਹੀ ਸਵੇਰ ਜਿਹੇ ਮੁੱਖੜਿਆਂ ਤੇ
ਚਹਿਕਦੇ ਸੀ ਸੱਜਰੇ ਹਾਸੇ..!!

ਲੇਕਿਨ..
ਹੁਣ..
ਤੰਗ ਜਿਹੇ ਮਕਾਨਾਂ ਦੇ
ਕਿਸੇ ਕੋਨੇ ਛੁਪੀਆਂ..
ਸਹਿਕ ਰਹੀਆਂ ਨੇ
ਅਧੂਰੀਆਂ ਖ਼ਾਹਿਸ਼ਾਂ ਤੇ
ਦਮ ਤੋੜ ਰਹੀਆਂ ਖ਼ੁਸ਼ੀਆਂ..!!

ਤੇ ਇੱਕ ਦੂਜੇ ਤੋਂ ਨਜ਼ਰਾਂ ਚੁਰਾ....
ਬੇਗਾਨੇ ਹੋ ਰਹੇ ਨੇ
ਸਾਹਾਂ ਵਰਗੇ ਰਿਸ਼ਤੇ...!!



## ਛਾਇਆ

ਕਵਿਤਾ, ਹਰਜਿੰਦਰ ਭੰਡੋਹਲ

ਹੁਣ ਤਾਂ ਦਰੱਖਤ ਦੀ ਛਾਇਆ ਕਹਿੰਦੀ
ਮੈਂ ਤਾਂ ਘੁੰਮ ਘੁੰਮ ਕੇ ਅੱਕ ਥੱਕ ਚੁੱਕੀਆ,
ਕਿਸ ਕਿਸ ਨੂੰ ਦਿਨ ਹੇਠਾਂ ਛਾਂ ਸੰਘਣੀ ਦੇਵਾਂ
ਰਾਤ ਨੂੰ ਬਹੁਤ ਲੋਕਾਂ ਨੂੰ ਚੋਰੀ ਬੈਠਾ ਚੁੱਕੀਆ,
ਮੇਰੇ ਫੁੱਲ ਫਲ ਬਾਂਗ ਦੇ ਮਿੱਠੇ ਲੱਗਦੇ ਲੋਕਾਂ ਨੂੰ
ਕਿਸ ਕਿਸ ਨੂੰ ਮੈਂ ਇਸ਼ਕ ਜਾਮ ਪਲਾ ਚੁੱਕੀਆ,
ਮੇਰੇ ਫੁੱਲ ਆਸ਼ਕ ਲੋਕਾਂ ਦੇ ਗੱਲ ਦਾ ਹਾਰ ਬਣੇ
ਪਤਾ ਨਹੀ ਕਿਸ ਕਿਸ ਨੂੰ ਉਸ ਦਾ ਬਣਾ ਚੁੱਕੀਆ,
ਲੋਕੀ ਇੱਕ ਹੀ ਟਕਾਣਾਂ ਭਾਲਦੇ ਮੇਰੀ ਸ਼ਰਨ
ਪਤਾ ਨਹੀ ਕਿੰਨੇ ਜੋੜਿਆ ਨੂੰ ਵਿਆਹ ਚੁੱਕੀਆ,
ਭੰਦੋਹਲ ਪਿੰਡ ਦੀ ਜੂਹ ਕਿਨਾਰੇ ਢੱਕੀ ਆਉਦੇ
ਮੈਂ ਪਿਆਰ ਦਾ ਮਿਲਾਪ ਲੋਕਾਂ ਨੂੰ ਕਰਾ ਚੁੱਕੀਆ,



## ਗ਼ਜ਼ਲ

ਕਵਿਤਾ, ਮਨੋਜ ਫਗਵਾੜਵੀ
+91 80543 01985

ਜ਼ੁਲਮ ਢਾਉਣਾ ਹੁਣ ਸਿਆਸਤ ਹੋ ਗਈ,
ਸੁੱਟਣਾ ਪੈਸਾ ਹੁਣ ਇਬਾਦਤ ਹੋ ਗਈ।

ਹੁਣ ਜ਼ਰਾ ਨਾਅਰਾ ਲਗਾਓ ਤਾਂ ਸੱਚਾਈ ਦਾ,
ਲੋਕ ਕਹਿਣਗੇ ਇਹ ਤਾਂ ਬਗਾਵਤ ਹੋ ਗਈ।

ਦੇਸ਼ ਨੂੰ ਲੁੱਟਿਆ ਹੈ ਇਸ ਕਦਰ ਲੁਟੇਰਿਆਂ ਨੇ,
ਇਕ ਭਿਖਾਰੀ ਵਰਗੀ ਹਾਲਤ ਹੋ ਗਈ।

ਰਾਜ ਨੇਤਾ ਹੁਣ ਕਰਾਉਣ ਇਥੇ ਗੜਬੜ,
ਕੰਮ ਉਨ੍ਹਾਂ ਦਾ ਹੁਣ ਸ਼ਰਾਰਤ ਹੋ ਗਈ।

ਹੈਵਾਨ ਬਣ ਗਿਆ ਹੈ ਹਰ ਇਨਸਾਨ,
ਦੂਰ ਉਸ ਤੋਂ ਇਨਸਾਨੀਅਤ ਹੋ ਗਈ।

ਦੇਸ਼ ਦੀ ਜਨਤਾ ਮਰੇ ਚਾਹੇ ਸੜਕਾਂ ਤੇ,
ਨੇਤਾ ਜੀ ਦੀ ਪਰ ਹਿਫ਼ਾਜ਼ਤ ਹੋ ਗਈ।

ਝੂਠ ਜਿੱਤਦਾ, ਫਾਂਸੀ ਮਿਲੇ ਸੱਚੇ ਨੂੰ,
ਹੁਣ ਇਹ ਕਿਹੋ ਜਿਹੀ ਅਦਾਲਤ ਹੋ ਗਈ।

ਨੰਗੇ ਨੱਚੇ ਸਭ ਦੇ ਸਾਹਮਣੇ ਦਿਨ ਰਾਤ ਉਹ,
ਇਕ ਮੰਤਰੀ ਦੀ ਜਦ ਇਜਾਜ਼ਤ ਹੋ ਗਈ।

ਜਦੋਂ ਦਾ ਫੜਿਆ ਪੱਲਾ ਝੂਠ ਦਾ 'ਮਨੋਜ',
ਉਸ ਦੀ ਚੰਗੀ ਸਭ ਤੋਂ ਵਕਾਲਤ ਹੋ ਗਈ।



## ਰਾਹ ਪੈ ਨਾ ਨਸ਼ਿਆ ਦੇ

ਕਵਿਤਾ, ਸੁਖਦੇਵ ਗਂਢਵਾਂ
+91 96467 56737

ਰਾਹ ਪੁੱਠੇ ਪੈ ਜਾਂਦੇ ਜੋ ਕੋਲ ਨਸ਼ੇੜੀਆਂ ਖੜਦੇ।
ਬਣ ਬੈਲੀ ਜਾਂਦੇ ਨੇ, ਫਿਰ ਨਿਤ ਨਸ਼ੇ ਨੇ ਕਰਦੇ।
ਉਹ ਲਗਕੇ ਨਸ਼ਿਆਂ ਤੇ ਜਾਂਦੇ ਧਨ ਉਡਾਈ।
ਰਾਹ ਪੈ ਨਾ ਨਸ਼ਿਆ ਦੇ ਕਰਦੇ ਬਹੁਤ ਤਬਾਹੀ।

ਸੰਗਿ ਕਰਕੇ ਐਬੀਆਂ ਦਾ, ਰੰਗ ਨਸ਼ੇ ਦਾ ਚੜ੍ਹਦੀ।
ਹੋ ਰੋਗੀ ਜਾਂਦਾ ਏ, ਜਿਸਮ ਏ ਅੰਦਰੋ ਖਰਦਾ।
ਜਿੰਨ ਜ਼ਹਿਰੀ ਨਸ਼ਿਆ ਦਾ, ਜਾ ਰਿਹਾ ਕਈਆਂ ਨੂੰ ਖਾਈ।
ਰਾਹ ਪੈ ਨਾ ਨਸ਼ਿਆਂ ਦੇ..........................

ਰੱਤ ਪੀਕੇ ਲੋਕਾਂ ਦਾ ਨਸ਼ਿਆਂ ਦਾ ਬਾਗ ਏ ਵਧਦਾ।
ਨਸ਼ਿਆਂ ਦੇ ਚੱਕਰਾਂ ਚੋਂ ਨਾ ਹੱਥ ਕਦੇ ਕੁਝ ਲਗਦਾ
ਕਾਰਨ ਕਈ ਨਸ਼ਿਆਂ ਦੇ ਹੋ ਰਹੇ ਕਰਜਾਈ
ਰਾਹ ਪੈ ਨਾ ਨਸ਼ਿਆਂ ਦੇ......

ਨਸ਼ਿਆ ਦੇ ਨਾਲ ਹੁੰਦੀ ਰਹਿਣੀ ਬਰਬਾਦੀ
ਨਸ਼ਿਆਂ ਦੇ ਰੋਕਣ ਲਈ ਜੇ ਕਸਮ ਨ ਰਲ ਕੇ ਖਾਦੀ
ਵਿਚ ਫੱਸਕੇ ਨਸ਼ਿਆਂ ਦੇ ਕਈਆਂ ਨੇ ਜਾਨ ਗਵਾਈ
ਰਾਹ ਪੈ ਨਾ ਨਸ਼ਿਆ ਦੇ.....................

ਗੱਲ ਸੱਚੀ ਕਹਿ ਚਲਿਆਂ ਸੁਣੋ ਕੰਨ ਲਗਾ ਕੇ ਲੋਕੋ
ਇਹ ਕੋਹੜੀ ਨਸ਼ਿਆਂ ਦੇ "ਸੁਖਿਆ" ਕਾਲੇ ਬਦਲ ਰੋਕੋ
ਰਾਹ ਛੱਡਕੇ ਨਸ਼ਿਆਂ ਦਾ ਜਾਓ ਆਪਣੀ ਜਾਣ ਬਚਾਈ
ਰਾਹ ਪੈ ਨਾ ਨਸ਼ਿਆ ਦੇ......



## ਦੋ ਗ਼ਜ਼ਲਾਂ

ਰਜਿੰਦਰ ਜੀਤ

1

ਅਜੇ ਦਰਪੇਸ਼ ਡਰ ਹੈ ਕਾਫਲੇ ਨੂੰ
ਜ਼ਰਾ ਇਹ ਰਾਤ ਕਟ ਜਾਵੇ ਤਾਂ ਜਾਵੀਂ
ਸਫਰ ਦਾ ਨ੍ਹੇਰ ਖੌਰੇ ਕਦ ਮਿਟੇਗਾ
ਜੇ ਮਨ ਦੀ ਧੁੰਦ ਛਟ ਜਾਵੇ ਤਾਂ ਜਾਵੀਂ

ਮੈਂ ਮੰਨਦਾ ਹਾਂ ਤੇਰੇ ਸੀਨੇ ਦੇ ਅੰਦਰ
ਬੜੀ ਇੱਛਾ ਹੈ ਖੁਦ ਨੂੰ ਪਾਉਣ ਦੀ, ਪਰ
ਇਹ ਜਲ,ਧਰਤੀ,ਹਵਾ,ਆਕਾਸ਼-ਸਭ ਕੁਛ
ਤਿਰੇ ਅੰਦਰ ਸਿਮਟ ਜਾਵੇ ਤਾਂ ਜਾਵੀਂ

ਜੇ ਚਾਹੁੰਨਾ ਏਂ ਕਿ ਸੁਰ-ਸ਼ਾਲਾ ਦੇ ਅੰਦਰ
ਖਿੜੇ ਸਰਗਮ ਨਵੇਂ ਫੁੱਲਾਂ ਦੇ ਵਾਂਗਰ
ਜਦੋਂ ਪਹਿਚਾਣ ਤੇਰੇ ਪੋਟਿਆਂ ਦੀ
ਸੁਰਾਂ ਦੇ ਨਾਲ ਵਟ ਜਾਵੇ ਤਾਂ ਜਾਵੀਂ

ਅਜੇ ਤੂੰ ਭਟਕਣੈਂ ਕੁਝ ਹੋਰ ਦਰ-ਦਰ
ਬੜਾ ਗੂੜ੍ਹਾ ਹੈ ਹਾਲੇ ਪੈਰ ਚੱਕਰ
ਅਜੇ ਘਰ ਜਾਣ ਦਾ ਵੇਲਾ ਨਹੀਂ ਹੈ
ਜਿਗਰ ਦੀ ਚੀਸ ਹਟ ਜਾਵੇ ਤਾਂ ਜਾਵੀਂ।

2

ਵਾਂਗ ਪੱਥਰ ਦੇ ਦਿਲ ਕਾਹਤੋਂ ਥਿਰ ਹੋ ਗਿਆ
ਮੈਨੂੰ ਲਗਦੈ ਕਿ ਰੋਇਆਂ ਨੂੰ ਚਿਰ ਹੋ ਗਿਆ
ਮਾਂਵਾਂ-ਛਾਂਵਾਂ ਦਾ ਹਾਲੇ ਚੁਕਾਇਆ ਨਾ ਸੀ
ਉਤੋਂ ਮਿਟੀ ਦਾ ਕਰਜਾ ਵੀ ਸਿਰ ਹੋ ਗਿਆ
ਤੂੰ ਜੋ ਆਇਆ ਤਾਂ ਸੀਨੇ ’ਚ ਤਾਰੇ ਜਗੇ
ਤੂੰ ਗਿਆ ਤਾਂ ਹਨੇਰਾ ਹੀ ਫਿਰ ਹੋ ਗਿਆ
ਤੇਰੇ ਮਸਤਕ ’ਚ ਸੂਰਜ ਮੈਂ ਤੱਕਿਆ ਜਦੋਂ
ਤੇਰੇ ਚਰਨਾਂ ਦੇ ਵੱਲ ਮੇਰਾ ਸਿਰ ਹੋ ਗਿਆ
ਪੱਤਝੜਾਂ ਨੇ ਤਾਂ ਸਾਨੂੰ ਸੀ ਕੀ ਆਖਣਾ
ਵਾਂਗ ਪੱਤਿਆਂ ਦੇ ਸਾਥੋਂ ਹੀ ਕਿਰ ਹੋ ਗਿਆ



## ਆਜ਼ਾਦੀ

ਕਵਿਤਾ, ਰੁਪਿੰਦਰ ਸੰਧੂ

ਇਕ ਵਕਤ ਸੀ ਜਦੋਂ, ਆਜ਼ਾਦੀ ਲਈ ਮਾ-ਬਾਪ ਨੂੰ,
ਸੋ ਸੋ ਸਵਾਲ ਕਰਿਆ ਕਰਦੇ ਸੀ,ਮੇਹਣੇ ਮਾਰਦੇ ਸੀ,
ਤੁਸੀਂ ਸਾਨੂੰ ਆਜ਼ਾਦੀ ਨਹੀਂ ਦਿੰਦੇ|
ਨਾ ਕਿਤੇ ਆਉਣ-ਜਾਣ ਦੀ ਆਜ਼ਾਦੀ ਸੀ,ਨਾ ਪੈਸਾ ਖਰਚਣ ਦੀ,
ਦਿਲ ਰੋਸੇ ਨਾਲ ਭਰਿਆ ਰਹਿੰਦਾ ਸੀ|
ਦਿਨ ਗਿਣੀਦੇ ਸੇ,ਕਦ ਵਢੇ ਹੋਵਾਂਗੇ,ਕਦ ਅਜਾਦ ਹੋਵਾਂਗੇ ..............

ਦਿਨ/ਮਹੀਨੇ/ਸਾਲ ਬੀਤਦੇ ਗਏ ‘ਤੇ ਅਸੀਂ ਅਜਾਦ ਮਹਿਸੂਸ ਕਰਨ ਲਗੇ,
ਫਿਰ ਇਕ ਦਿਨ ਜੀਵਨ ਦੀ ਇਕ ਨਵੀਂ ਸ਼ੁਰੂਆਤ ਹੋਈ,
ਕੁਝ ਕੁ ਦਿਨਾਂ ਬਾਦ ਆਜ਼ਾਦੀ ਫਿਰ ਤੋਂ,ਕਿਤੇ ਗਵਾਚੀ ਗਵਾਚੀ ਜਾਪਣ ਲਗੀ,
ਤੇ ਸ਼ੁਰੂ ਹੋਈ ਤਲਾਸ਼ ਕਦੇ ਨਾ ਖਤਮ ਹੋਣ ਵਾਲੀ,ਆਜ਼ਾਦੀ ਨੂੰ ਭਾਲਣ ਦੀ ............

ਫਿਰ ਇਕ ਦਿਨ ਇਕ ਖਿਆਲ ਆਇਆ,
ਆਜ਼ਾਦੀ ਹੈ ਕੀ ?ਕਿਸ ਨੂੰ ਕਹਿੰਦੇ ਆਜ਼ਾਦੀ ?
ਸੋਚਿਆ ਤਾਂ ਸਮਝਿਆ,ਆਜ਼ਾਦੀ ਹੈ ਇਕ ਬੰਧਨ,
ਕਦੇ ਪਿਆਰ ਭਰੇ ਰਿਸ਼ਤਿਆਂ ਦਾ,
ਕਦੇ ਜਿੰਮੇਦਾਰੀਆਂ ਦਾ,ਕਦੇ ਇਹਸਾਸ ਦਾ ..................

ਹਾਂ ਆਜ਼ਾਦੀ ਮਿਲਦੀ ਹੈ ਜ਼ਿੰਦਗੀ ਵਿਚ,
ਪਰ ਸਿਰਫ ਇਨਾ ਜਤਾਉਣ ਦੀ,
ਕਿ ਮੈਂ ਤੇਰਾ ਪਾਲਣ-ਹਾਰਾ ਹਾਂ .............
ਬਾਕੀ ਸਭ ਆਜ਼ਾਦੀ ਨਹੀਂ,ਸਿਰਫ ਹੈ ਇਕ ਬੰਧਨ,
ਕਦੇ ਪਿਆਰ ਦਾ,ਕਦੇ ਇਹਸਾਸ ਦਾ,ਕਦੇ ਜਿੰਮੇਦਾਰੀਆਂ ਦਾ !!

# ਸਕੇਪ ਪੰਜਾਬ ਸੰਸਥਾ ਦੇ ਸਹਿਯੋਗੀ ਸੱਜਣ



ਗੁਰਸ਼ਰਨ ਸਿੰਘ "ਅਜੀਬ"
ਯੂ. ਕੇ.




ਰਵੇਲ ਸਿੰਘ
ਇਟਲੀ



ਚਰਨਜੀਤ ਸਿੰਘ ਪੰਨੂ
ਅਮਰੀਕਾ



ਅਮਨਦੀਪ ਸਿੰਘ
ਅਮਰੀਕਾ

## ਸੰਦੇਸ਼

"ਪੰਜਾਬੀ ਬੋਲੀ ਜਿਉਂਦੀ ਰਹੀ ਤਾਂ ਪੰਜਾਬੀ ਜਿਉਂਦੇ ਰਹਿਣਗੇ"

ਆਪ ਸਭ ਦੇ ਸਹਿਯੋਗ ਨਾਲ ਸਕੇਪ ਪੰਜਾਬ ਵਲੋਂ ਅਰੰਭੀ ਮੁਹਿੰਮ ਨੂੰ ਭਰਵਾ ਹੁੰਗਾਰਾ ਮਿਲ ਰਿਹਾ ਹੈ। ਸਾਨੂੰ ਵੀ ਇਸ ਗਲ ਦੀ ਖੁਸ਼ੀ ਹੈ ਕਿ ਅਸੀਂ ਆਪਣੀ ਅਰੰਭੀ ਮੁਹਿਮ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਆਪਣਾ ਯੋਗਦਾਨ ਪਾ ਕੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਫੈਲਾਅ ਦਾ ਸਾਧਨ ਬਣੇ ਹਾਂ। ਜਿਥੇ ਸਾਡੇ ਨਾਲ ਤਕਨਾਲੋਜੀ ਦੇ ਮਾਹਿਰ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਾਫ਼ਟਵੇਅਰ, ਐਪ, ਵੈੱਬਸਾਈਟਾਂ ਬਣਾਈਆ ਹਨ ਓਥੇ ਹੀ ਸਾਹਿਤਕਾਰਾ, ਅਲੋਚਕਾ ਅਤੇ ਭਾਸ਼ਾਈ ਚਿੰਤਕਾਂ ਨੇ ਸਾਡੇ ਨਾਲ ਜੁੜਕੇ ਪੰਜਾਬੀ ਭਾਸ਼ਾ ਦੇ ਵਿਸਤਾਰ ਲਈ ਰਚਨਾਵਾਂ, ਸੁਝਾਵਾਂ ਅਤੇ ਹੌਂਸਲਾਂ ਅਫ਼ਜਾਈ ਨਾਲ ਸਾਨੂੰ ਸਾਡੇ ਉਦੇਸ਼ ਵਿੱਚ ਦ੍ਰਿੜ ਰਹਿਣ ਲਈ ਹਮੇਸ਼ਾ ਪ੍ਰੇਰਿਤ ਕੀਤਾ ਹੈ। "ਪ੍ਰਤਿਬਿੰਬ" ਈ-ਪਤ੍ਰਿਕਾ ਨੂੰ ਵੀ ਪਾਠਕਾਂ ਨੇ ਬਹੁਤ ਪਸੰਦ ਕੀਤਾ ਹੈ ਅਤੇ ਹਰ ਵਾਰ ਪ੍ਰਤਿਬਿੰਬ ਪੜ੍ਹਨ ਵਾਲਿਆ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ।ਆਪ ਜੀ ਨੂੰ ਦੱਸਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪ੍ਰਤਿਬਿੰਬ ਦੇ ਪੁਰਾਣੇ ਅੰਕਾਂ ਨੂੰ ਪੜ੍ਹਨ ਵਾਲਿਆ ਦੀ ਗਿਣਤੀ ੧੦੦੦ ਪ੍ਰਤੀ ਅੰਕ ਤੋਂ ਵਧ ਹੋ ਚੁੱਕੀ ਹੈ। ਆਪ ਸਭ ਨੂੰ ਬੇਨਤੀ ਹੈ ਕਿ ਆਪ ਸਾਡਾ ਸਾਥ ਦਵੋ ਤਾਂ ਜੋ ਪੰਜਾਬੀ ਭਾਸ਼ਾ ਦਾ ਵਿਸਤਾਰ ਵੱਧ ਤੋਂ ਵੱਧ ਹੋ ਸਕੇ। ਆਪ ਬੁਧੀਜੀਵਿਆਂ ਵਲੋਂ ਦਿੱਤੇ ਹਰ ਇਕ ਸੁਝਾਅ ਦਾ ਸਾਨੂੰ ਹਮੇਸ਼ਾ ਇੰਤਜ਼ਾਰ ਰਹਿੰਦਾ ਹੈ ਤਾਂ ਜੋ ਅਸੀਂ ਹੋਰ ਨਵੇਂ ਸਾਧਨਾ ਦੀ ਖੋਜ ਕਰ ਸਕੀਏ।

ਧੰਨਵਾਦ ਸਹਿਤ
ਪਰਵਿੰਦਰ ਜੀਤ ਸਿੰਘ
ਪ੍ਰਧਾਨ, ਸਕੇਪ ਪੰਜਾਬ ਸੰਸਥਾ